ਸ਼ੁੱਕਰਵਾਰ, 27 ਮਾਰਚ, 2026
14 ਚੇਤ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 295

# ਰੋਜ਼ਾਨਾ ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • FRIDAY, 27 MARCH, 2026 ਜਲੰਧਰ
You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਮੋਦੀ ਦੀ ਅੱਜ ਮੁੱਖ ਮੰਤਰੀਆਂ ਨਾਲ ਜੰਗ 'ਤੇ ਚਰਚਾ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ 27 ਮਾਰਚ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਮੁੱਖ ਮੰਤਰੀਆਂ ਨਾਲ ਗੱਲ ਕਰਨਗੇ। ਜੰਗ ਕਾਰਨ ਵਿਗੜੇ ਹਾਲਾਤ 'ਚ ਚਰਚਾ ਸੰਭਵ ਹੈ। ਜਿਨ੍ਹਾਂ ਰਾਜਾਂ ਵਿੱਚ ਚੋਣਾਂ ਹੋ ਰਹੀਆਂ ਹਨ, ਉਨ੍ਹਾਂ ਦੇ ਮੁੱਖ ਮੰਤਰੀ ਇਸ ਵਿੱਚ ਸ਼ਾਮਲ ਨਹੀਂ ਹੋਣਗੇ। ਮੋਦੀ ਨੇ 24 ਮਾਰਚ ਨੂੰ ਰਾਜ ਸਭਾ ਵਿੱਚ ਕਿਹਾ ਸੀ ਕਿ ਜੰਗ ਜਾਰੀ ਰਹੀ ਤਾਂ ਨਤੀਜੇ ਗੰਭੀਰ ਹੋਣਗੇ। ਆਉਣ ਵਾਲਾ ਸਮਾਂ ਕੋਰੋਨਾ ਕਾਲ ਵਰਗੀ ਪ੍ਰੀਖਿਆ ਵਰਗਾ ਹੋਵੇਗਾ। ਕੇਂਦਰ ਤੇ ਰਾਜਾਂ ਨੂੰ ਮਿਲ ਕੇ ਚੱਲਣਾ ਪਵੇਗਾ।

ਭਾਰਤ ਕੋਲ ਲੱਗਭੱਗ 60 ਦਿਨਾਂ ਦਾ ਈਂਧਨ ਸਟਾਕ ਮੌਜੂਦ ਹੈ। ਸਰਕਾਰ ਨੇ ਵੀਰਵਾਰ ਕਿਹਾ ਕਿ ਪੈਟਰੋਲ, ਡੀਜ਼ਲ ਜਾਂ ਐੱਲ ਪੀ ਜੀ ਦੀ ਕੋਈ ਕਿੱਲਤ ਨਹੀਂ ਹੈ। ਕਿੱਲਤ ਦੀਆਂ ਰਿਪੋਰਟਾਂ ਨੂੰ ਖਾਰਜ ਕਰਦਿਆਂ ਸਰਕਾਰ ਨੇ ਕਿਹਾ ਹੈ ਕਿ ਇਸ ਦਾ ਉਦੇਸ਼ ਘਬਰਾਹਟ ਵਿੱਚ ਖਰੀਦਦਾਰੀ ਨੂੰ ਭੜਕਾਉਣਾ ਹੈ।

ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਕਿਹਾ ਕਿ ਦੇਸ਼ ਭਰ ਦੇ ਸਾਰੇ ਪੈਟਰੋਲ ਪੰਪਾਂ 'ਤੇ ਲੋੜੀਂਦਾ ਸਟਾਕ ਹੈ ਅਤੇ ਉਹ ਆਮ ਵਾਂਗ ਕੰਮ ਕਰ ਰਹੇ ਹਨ। ਪੈਟਰੋਲ ਜਾਂ ਡੀਜ਼ਲ ਦੀ ਕੋਈ ਰਾਸ਼ਨਿੰਗ ਨਹੀਂ ਕੀਤੀ ਜਾ ਰਹੀ।

ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ, "ਭਾਰਤ, ਜੋ ਕਿ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਰਿਫਾਇਨਰ ਅਤੇ ਪੈਟਰੋਲੀਅਮ ਉਤਪਾਦਾਂ ਦਾ ਪੰਜਵਾਂ ਸਭ ਤੋਂ ਵੱਡਾ ਨਿਰਯਾਤਕ ਹੈ, ਕੋਲ ਘਰੇਲੂ ਈਂਧਨ ਦੀ ਉਪਲੱਬਧਤਾ ਦਾ ਢਾਂਚਾਗਤ ਭਰੋਸਾ ਹੈ ਅਤੇ ਉਹ 150 ਤੋਂ ਵੱਧ ਦੇਸ਼ਾਂ ਨੂੰ ਰਿਫਾਇੰਡ ਈਂਧਨ ਦੀ ਸਪਲਾਈ ਕਰਨਾ ਜਾਰੀ ਰੱਖ ਰਿਹਾ ਹੈ। ਹਰ ਭਾਰਤੀ ਰਿਫਾਇਨਰੀ (ਜੋ ਕੱਚੇ ਤੇਲ ਨੂੰ ਪੈਟਰੋਲ ਅਤੇ ਡੀਜ਼ਲ ਵਰਗੇ ਈਂਧਨ ਵਿੱਚ ਬਦਲਦੀ ਹੈ) 100 ਫੀਸਦੀ ਤੋਂ ਵੱਧ ਸਮਰੱਥਾ 'ਤੇ ਚੱਲ ਰਹੀ ਹੈ, ਅਗਲੇ 60 ਦਿਨਾਂ ਲਈ ਕੱਚੇ ਤੇਲ ਦੀ ਸਪਲਾਈ ਪਹਿਲਾਂ ਹੀ ਭਾਰਤੀ ਤੇਲ ਕੰਪਨੀਆਂ ਦੁਆਰਾ ਤੈਅ ਕੀਤੀ ਜਾ ਚੁੱਕੀ ਹੈ। ਸਪਲਾਈ ਵਿੱਚ ਕੋਈ ਅੰਤਰ ਨਹੀਂ ਹੈ। ਭਾਰਤ ਕੋਲ ਕੁੱਲ 74 ਦਿਨਾਂ ਦੀ ਕੱਚੇ ਤੇਲ ਅਤੇ ਈਂਧਨ ਸਟੋਰ ਕਰਨ ਦੀ ਸਮਰੱਥਾ ਹੈ। ਅਸਲ ਸਟਾਕ ਕਵਰ ਇਸ ਵੇਲੇ ਲੱਗਭੱਗ 60 ਦਿਨਾਂ ਦਾ ਹੈ (ਜਿਸ ਵਿੱਚ ਕੱਚਾ ਸਟਾਕ, ਉਤਪਾਦ ਸਟਾਕ ਅਤੇ ਗੁਫਾਵਾਂ ਵਿੱਚ ਸਮਰਪਤ ਰਣਨੀਤਕ ਸਟੋਰੇਜ ਸ਼ਾਮਲ ਹੈ), ਭਾਵੇਂ ਅਸੀਂ ਪੱਛਮੀ ਏਸ਼ੀਆ ਸੰਕਟ ਦੇ 27ਵੇਂ ਦਿਨ 'ਤੇ ਹਾਂ। ਹਰ ਭਾਰਤੀ ਨਾਗਰਿਕ ਲਈ ਲੱਗਭੱਗ ਦੋ ਮਹੀਨਿਆਂ ਦੀ ਸਥਿਰ ਸਪਲਾਈ ਉਪਲੱਬਧ ਹੈ, ਚਾਹੇ ਵਿਸ਼ਵ ਪੱਧਰ 'ਤੇ ਕੁਝ ਵੀ ਵਾਪਰੇ।"

ਮੰਤਰਾਲੇ ਮੁਤਾਬਕ ਐੱਲ ਪੀ ਜੀ ਦੀ ਸਪਲਾਈ ਵੀ ਕਾਫੀ ਹੈ, ਕਿਉਂਕਿ ਘਰੇਲੂ ਉਤਪਾਦਨ ਵਧਿਆ ਹੈ ਅਤੇ ਆਯਾਤ ਦੀਆਂ ਲੋੜਾਂ ਘਟੀਆਂ ਹਨ। ਕਈ ਦੇਸ਼ਾਂ ਤੋਂ ਵਾਧੂ ਖੇਪਾਂ ਸੁਰੱਖਿਅਤ ਕੀਤੀਆਂ ਗਈਆਂ ਹਨ, ਜੋ ਸਥਿਰ ਉਪਲੱਬਧਤਾ ਨੂੰ ਯਕੀਨੀ ਬਣਾਉਂਦੀਆਂ ਹਨ। ਸਰਕਾਰ ਨੇ ਚਿਤਾਵਨੀ ਦਿੱਤੀ ਹੈ ਕਿ ਬੇਲੋੜੀ ਚਿੰਤਾ ਪੈਦਾ ਕਰਨ ਲਈ ਸੋਸ਼ਲ ਮੀਡੀਆ 'ਤੇ ਗੁੰਮਰਾਹਕੁੰਨ ਪੋਸਟਾਂ ਅਤੇ ਕਿੱਲਤ ਜਾਂ ਐਮਰਜੈਂਸੀ ਉਪਾਵਾਂ ਦੇ ਜਾਅਲੀ ਦਾਅਵੇ ਫੈਲਾਏ ਜਾ ਰਹੇ ਹਨ ਅਤੇ ਅਜਿਹਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

## ਖਿਝੇ ਟਰੰਪ ਨੇ ਈਰਾਨ ਨੂੰ ਫਿਰ ਧਮਕਾਇਆ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਈਰਾਨ ਦੇ ਆਗੂਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਜਲਦੀ ਹੀ ਗੰਭੀਰਤਾ ਨਾਲ ਸੋਚਣ ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ। ਟਰੰਪ ਨੇ ਕਿਹਾ ਕਿ ਈਰਾਨ ਦੇ ਅਧਿਕਾਰੀ ਬਹੁਤ ਹੀ ਅਜੀਬ ਤਰੀਕੇ ਨਾਲ ਪੇਸ਼ ਆ ਰਹੇ ਹਨ। ਉਹ ਨਿੱਜੀ ਤੌਰ 'ਤੇ ਤਾਂ ਸਮਝੌਤੇ ਲਈ ਤਰਲੇ ਪਾ ਰਹੇ ਹਨ ਪਰ ਦੁਨੀਆ ਦੇ ਸਾਹਮਣੇ ਅਮਰੀਕੀ ਪ੍ਰਸਤਾਵਾਂ ਨੂੰ ਮਾਮੂਲੀ ਦਿਖਾ ਰਹੇ ਹਨ। ਟਰੰਪ ਮੁਤਾਬਕ ਈਰਾਨ ਫੌਜੀ ਸ਼ਕਤੀ ਵਜੋਂ ਲਗਪਗ ਖਤਮ ਹੋ ਚੁੱਕਾ ਹੈ ਅਤੇ ਉਸ ਕੋਲ ਵਾਪਸੀ ਦਾ ਕੋਈ ਮੌਕਾ ਨਹੀਂ ਬਚਿਆ। ਉਨ੍ਹਾ ਸਪੱਸ਼ਟ ਕਿਹਾ ਕਿ ਜੇ ਜਲਦੀ ਸਹੀ ਕਦਮ ਨਾ ਚੁੱਕੇ ਗਏ ਤਾਂ ਭਵਿੱਖ ਵਿਚ ਬਹੁਤ ਭਿਆਨਕ ਹੋਵੇਗਾ ਤੇ ਸਖਤ ਨਤੀਜੇ ਭੁਗਤਣੇ ਪੈਣਗੇ।



ਟਰੰਪ ਨੇ ਈਰਾਨ ਨੂੰ ਸਿਰਫ ਫੌਜੀ ਤੌਰ 'ਤੇ ਹੀ ਨਹੀਂ, ਸਗੋਂ ਮਨੋਵਿਗਿਆਨਕ ਤੌਰ 'ਤੇ ਵੀ ਘੇਰਨਾ ਸ਼ੁਰੂ ਕਰ ਦਿੱਤਾ ਹੈ। ਆਪਣੀ ਤਾਜ਼ਾ ਚਿਤਾਵਨੀ ਵਿੱਚ ਟਰੰਪ ਨੇ ਇਸ਼ਾਰਾ ਕੀਤਾ ਹੈ ਕਿ ਈਰਾਨ ਦੇ ਵਾਰਤਾਕਾਰ ਅੰਦਰੂਨੀ ਤੌਰ 'ਤੇ ਬਹੁਤ ਦਬਾਅ ਵਿੱਚ ਹਨ ਕਿਉਂਕਿ ਉਨ੍ਹਾਂ ਦੀ ਆਰਥਿਕਤਾ ਅਤੇ ਫੌਜੀ ਤਾਕਤ ਲਗਾਤਾਰ ਖਤਮ ਹੋ ਰਹੀ ਹੈ। ਟਰੰਪ ਨੇ ਦਾਅਵਾ ਕੀਤਾ ਕਿ ਈਰਾਨ ਕੋਲ ਹੁਣ ਗੱਲਬਾਤ ਦੀ ਮੇਜ਼ 'ਤੇ ਰੱਖਣ ਲਈ ਕੁਝ ਵੀ ਨਹੀਂ ਬਚਿਆ। ਵਾਸ਼ਿੰਗਟਨ ਦੇ ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਟਰੰਪ ਦਾ ਇਹ ਬਿਆਨ ਈਰਾਨ ਦੇ ਅੰਦਰੂਨੀ ਪ੍ਰਸ਼ਾਸਨ ਵਿੱਚ ਫੁੱਟ ਪਾਉਣ ਦੀ ਇੱਕ ਕੋਸ਼ਿਸ਼ ਵੀ ਹੋ ਸਕਦੀ ਹੈ, ਤਾਂ ਜੋ ਉੱਥੋਂ ਦੀ ਸਰਕਾਰ ਜਲਦੀ ਤੋਂ ਜਲਦੀ ਅਮਰੀਕੀ ਸ਼ਰਤਾਂ 'ਤੇ ਸਮਝੌਤਾ ਕਰਨ ਲਈ ਮਜਬੂਰ ਹੋ ਜਾਵੇ।

ਇਸ ਖ਼ਬਰ ਦਾ ਇੱਕ ਹੋਰ ਅਹਿਮ ਪਹਿਲੂ ਇਹ ਹੈ ਕਿ ਟਰੰਪ ਨੇ ਨਾਟੋ ਨੂੰ ਇਸ ਜੰਗ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੋਣ ਲਈ ਵੰਗਾਰਿਆ ਹੈ। ਹੁਣ ਤੱਕ ਨਾਟੋ ਦੇਸ਼ਾਂ ਨੇ ਇਸ ਮਾਮਲੇ ਵਿੱਚ ਕਾਫੀ ਸੰਜਮ ਦਿਖਾਇਆ ਹੈ, ਪਰ ਟਰੰਪ ਦੀ ਸਖਤ ਬਿਆਨਬਾਜ਼ੀ ਤੋਂ ਬਾਅਦ ਯੂਰਪੀ ਦੇਸ਼ਾਂ 'ਤੇ ਵੀ ਦਬਾਅ ਵਧ ਗਿਆ ਹੈ। ਜੇ ਨਾਟੋ ਦੇਸ਼ ਅਮਰੀਕਾ ਦਾ ਸਾਥ ਦਿੰਦੇ ਹਨ, ਤਾਂ ਇਹ ਸੰਘਰਸ਼ ਸਿਰਫ਼ ਦੋ ਦੇਸ਼ਾਂ ਦੀ ਜੰਗ ਨਹੀਂ ਰਹੇਗਾ, ਸਗੋਂ ਇੱਕ ਵੱਡੇ ਵਿਸ਼ਵ ਸੰਕਟ ਦਾ ਰੂਪ ਲੈ ਸਕਦਾ ਹੈ। ਦੂਜੇ ਪਾਸੇ, ਖਾੜੀ ਦੇਸ਼ਾਂ ਵਿੱਚ ਤਾਇਨਾਤ ਅਮਰੀਕੀ ਸੁਰੱਖਿਆ ਬਲ ਪਹਿਲਾਂ ਹੀ ਹਾਈ ਅਲਰਟ 'ਤੇ ਹਨ, ਕਿਉਂਕਿ ਈਰਾਨ ਵੱਲੋਂ ਅਮਰੀਕੀ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਧਮਕੀਆਂ ਲਗਾਤਾਰ ਮਿਲ ਰਹੀਆਂ ਹਨ। ਟਰੰਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੇ ਹੁਣ ਗੱਲਬਾਤ ਸਿਰੇ ਨਾ ਚੜ੍ਹੀ ਤਾਂ ਅਮਰੀਕਾ ਬਿਨਾਂ ਕਿਸੇ ਦੇਰੀ ਦੇ ਵੱਡੀ ਕਾਰਵਾਈ ਕਰੇਗਾ।

ਟਰੰਪ ਨੇ ਨਾਟੋ ਦੇਸ਼ਾਂ 'ਤੇ ਵੀ ਨਿਸ਼ਾਨਾ ਸੇਧਿਆ ਹੈ। ਉਨ੍ਹਾ ਨੇ ਇਸ ਸੰਘਰਸ਼ ਦੌਰਾਨ ਨਾਟੋ ਦੇਸ਼ਾਂ ਦੀ ਚੁੱਪੀ ਅਤੇ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਨਾ ਕਰਨ ਦੀ ਸਖਤ ਨਿੰਦਾ ਕੀਤੀ।

ਟਰੰਪ ਦੇ ਇਸ ਬਿਆਨ ਤੋਂ ਸਪੱਸ਼ਟ ਹੈ ਕਿ ਵਾਸ਼ਿੰਗਟਨ ਹੁਣ ਈਰਾਨ ਪ੍ਰਤੀ ਆਪਣਾ ਰੁਖ਼ ਹੋਰ ਵੀ ਸਖਤ ਕਰਨ ਜਾ ਰਿਹਾ ਹੈ। ਜਿਵੇਂ-ਜਿਵੇਂ ਇਸ ਜੰਗ ਨੂੰ ਇੱਕ ਮਹੀਨਾ ਪੂਰਾ ਹੋਣ ਵਾਲਾ ਹੈ, ਦੋਵਾਂ ਪਾਸਿਆਂ ਤੋਂ ਬਿਆਨਬਾਜ਼ੀ ਤੇਜ਼ ਹੋ ਗਈ ਹੈ ਅਤੇ ਹਾਲਾਤ ਹੋਰ ਵੀ ਨਾਜ਼ੁਕ ਹੁੰਦੇ ਜਾ ਰਹੇ ਹਨ।

## ਸੰਕਟ ਦੇ ਬਾਵਜੂਦ ਭਾਰਤ ਨਾਲ ਯਾਰੀ ਨਿਭਾ ਰਿਹੈ ਈਰਾਨ

**ਨਵੀਂ ਦਿੱਲੀ** : ਈਰਾਨ ਨੇ ਕਿਹਾ ਹੈ ਕਿ ਉਹ ਭਾਰਤ ਸਮੇਤ ਚੋਣਵੇਂ ਮਿੱਤਰ ਦੇਸ਼ਾਂ ਦੇ ਜਹਾਜ਼ਾਂ ਨੂੰ ਰਣਨੀਤਕ ਤੌਰ 'ਤੇ ਮਹੱਤਵਪੂਰਨ ਹਾਰਮੁਜ਼ ਜਲਡਮਰੂ ਮੱਧ ਤੋਂ ਗੁਜ਼ਰਨ ਦੀ ਇਜਾਜ਼ਤ ਦੇ ਰਿਹਾ ਹੈ, ਭਾਵੇਂ ਕਿ ਪੱਛਮੀ ਏਸ਼ੀਆ ਦੇ ਚੱਲ ਰਹੇ ਸੰਘਰਸ਼ ਦਰਮਿਆਨ ਦੂਜਿਆਂ ਲਈ ਪਾਬੰਦੀਆਂ ਜਾਰੀ ਹਨ। ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਕਿਹਾ ਕਿ ਈਰਾਨ ਨੇ ਚੀਨ, ਰੂਸ, ਭਾਰਤ, ਇਰਾਕ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਦੇ ਜਹਾਜ਼ਾਂ ਨੂੰ ਲੰਘਣ ਦੀ ਇਜਾਜ਼ਤ ਦਿੱਤੀ ਹੈ, ਜੋ ਸੰਘਰਸ਼ ਖੇਤਰ ਵਿੱਚ ਸਮੁੰਦਰੀ ਪਹੁੰਚ ਲਈ ਇੱਕ ਨਿਯੰਤਰਤ ਪਹੁੰਚ ਦਾ ਸੰਕੇਤ ਦਿੰਦਾ ਹੈ। ਇਹ ਬਿਆਨ ਉਸ ਗੱਲ ਨੂੰ ਰਸਮੀ ਰੂਪ ਦਿੰਦਾ ਹੈ, ਜੋ ਪਹਿਲਾਂ ਡਿਪਲੋਮੈਟਿਕ ਚੈਨਲਾਂ ਰਾਹੀਂ ਸਾਹਮਣੇ ਆਈ ਸੀ ਕਿ ਖੇਤਰ ਵਿੱਚ ਵਧੇ ਹੋਏ ਤਣਾਅ ਦੇ ਬਾਵਜੂਦ ਭਾਰਤ ਜਾਣ ਵਾਲੇ ਜਹਾਜ਼ਾਂ ਨੂੰ ਸੰਚਾਲਨ ਦੀ ਛੋਟ ਦਿੱਤੀ ਜਾ ਰਹੀ ਹੈ।



ਪਿਛਲੇ ਦਿਨਾਂ ਵਿੱਚ ਨਵੀਂ ਦਿੱਲੀ ਅਤੇ ਤਹਿਰਾਨ ਵਿਚਕਾਰ ਉੱਚ ਪੱਧਰੀ ਰਾਬਤੇ ਤੋਂ ਬਾਅਦ ਘੱਟੋ-ਘੱਟ ਚਾਰ ਭਾਰਤੀ ਝੰਡੇ ਵਾਲੇ ਟੈਂਕਰਾਂ ਨੇ ਸਫਲਤਾਪੂਰਵਕ ਇਸ ਜਲਮਾਰਗ ਨੂੰ ਪਾਰ ਕੀਤਾ ਹੈ। ਇੱਕ ਦਿਨ ਪਹਿਲਾਂ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਸ਼ਿਪਿੰਗ ਮੰਤਰਾਲੇ ਦੇ ਚੋਟੀ ਦੇ ਅਧਿਕਾਰੀ ਰਾਜੇਸ਼ ਕੁਮਾਰ ਸਿਨਹਾ ਨੇ ਦੱਸਿਆ ਸੀ ਕਿ ਲੱਗਭੱਗ 20 ਭਾਰਤੀ ਝੰਡੇ ਵਾਲੇ ਜਹਾਜ਼ ਖੇਤਰ ਵਿੱਚ ਹਨ, ਜਿਨ੍ਹਾਂ ਵਿੱਚੋਂ ਛੇ ਐੱਲ ਪੀ ਜੀ ਨਾਲ ਲੱਦੇ ਟੈਂਕਰਾਂ ਦੇ ਅਗਲੇ ਕੁਝ ਦਿਨਾਂ ਵਿੱਚ ਲੰਘਣ ਦੀ ਉਮੀਦ ਹੈ। ਉਨ੍ਹਾ ਨੇ ਇੱਕ ਅੰਤਰ-ਮੰਤਰਾਲਾ ਬ੍ਰੀਫਿੰਗ ਵਿੱਚ ਕਿਹਾ, "ਉਨ੍ਹਾਂ ਦੀ ਹਰਕਤ ਦੀ ਨੇੜਿਓਂ ਨਿਗਰਾਨੀ ਕੀਤੀ ਜਾ ਰਹੀ ਹੈ। 3-4 ਦਿਨਾਂ ਵਿੱਚ, ਸਾਡੇ ਕੋਲ ਛੇ ਲੱਦੇ ਹੋਏ ਐੱਲ ਪੀ ਜੀ ਟੈਂਕਰ ਹੋਣਗੇ।" ਸਰਕਾਰ ਨੇ ਸਮੁੰਦਰੀ ਸੁਰੱਖਿਆ ਬਾਰੇ ਵੀ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕੀਤੀ ਅਤੇ ਕਿਹਾ ਕਿ ਖੇਤਰ ਵਿੱਚ ਸਾਰੇ ਭਾਰਤੀ ਮਲਾਹ ਸੁਰੱਖਿਅਤ ਹਨ ਅਤੇ ਪਿਛਲੇ ਕੁਝ ਦਿਨਾਂ ਵਿੱਚ ਭਾਰਤੀ ਝੰਡੇ ਵਾਲੇ ਜਹਾਜ਼ਾਂ ਨਾਲ ਸੰਬੰਧਤ ਕੋਈ ਵੀ ਘਟਨਾ ਸਾਹਮਣੇ ਨਹੀਂ ਆਈ ਹੈ।

ਦੋ ਭਾਰਤੀ ਐੱਲ ਪੀ ਜੀ ਕੈਰੀਅਰ— ਪਾਈਨ ਗੈਸ ਅਤੇ ਜਗ ਵਸੰਤ— ਨੇ ਬੁੱਧਵਾਰ ਰਾਤ ਸਫਲਤਾਪੂਰਵਕ ਜਲਡਮਰੂ ਨੂੰ ਪਾਰ ਕੀਤਾ ਅਤੇ ਇਸ ਵੇਲੇ ਮਾਲ ਲੈ ਕੇ ਭਾਰਤ ਦੇ ਰਸਤੇ 'ਤੇ ਹਨ। ਜਿੱਥੇ ਲੱਗਭੱਗ 45,000 ਮੀਟ੍ਰਿਕ ਟਨ ਐੱਲ ਪੀ ਜੀ ਲੈ ਕੇ ਆ ਰਿਹਾ ਪਾਈਨ ਗੈਸ 27 ਮਾਰਚ ਨੂੰ ਨਿਊ ਮੰਗਲੌਰ ਪਹੁੰਚਣ ਦੀ ਉਮੀਦ ਹੈ, ਉੱਥੇ ਹੀ 47,600 ਮੀਟ੍ਰਿਕ ਟਨ ਤੋਂ ਵੱਧ ਮਾਲ ਵਾਲਾ ਜਗ ਵਸੰਤ 26 ਮਾਰਚ ਨੂੰ ਕਾਂਡਲਾ ਪਹੁੰਚਣ ਵਾਲਾ ਸੀ।

## ਭਾਰਤੀ ਹਵਾਈ ਕੰਪਨੀਆਂ ਨੂੰ ਵੱਡੀਆਂ ਸਮੱਸਿਆਵਾਂ ਦਰਪੇਸ਼

**ਨਵੀਂ ਦਿੱਲੀ** : ਡਾਇਰੈਕਟੋਰੇਟ ਜਨਰਲ ਸਿਵਲ ਐਵੀਏਸ਼ਨ (ਡੀ ਜੀ ਸੀ ਏ) ਦੇ ਮੁਖੀ ਫੈਜ਼ ਅਹਿਮਦ ਕਿਦਵਈ ਨੇ ਵੀਰਵਾਰ ਦੱਸਿਆ ਕਿ ਅਮਰੀਕਾ, ਇਜ਼ਰਾਈਲ ਤੇ ਈਰਾਨ ਵਿਚਾਲੇ ਜੰਗ ਕਾਰਨ ਹਵਾਈ ਕੰਪਨੀਆਂ ਨੂੰ ਕਈ ਸਮੱਸਿਆਵਾਂ ਦਰਪੇਸ਼ ਹਨ ਪਰ ਭਾਰਤ ਦਾ ਸ਼ਹਿਰੀ ਹਵਾਬਾਜ਼ੀ ਵਿਭਾਗ ਇਨ੍ਹਾਂ ਸਮੱਸਿਆਵਾਂ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾ ਕਿਹਾ ਕਿ ਵਿਭਾਗ ਸਿਰਫ ਮੁਸਾਫ਼ਰਾਂ ਦੇ ਅਧਿਕਾਰਾਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਉਹ ਅਜਿਹੇ ਨਿਯਮ ਬਣਾ ਰਿਹਾ ਹੈ ਜੋ ਏਅਰਲਾਈਨਾਂ ਦੇ ਵਾਧੇ ਵਿੱਚ ਮਦਦਗਾਰ ਹੋਣ। ਭਾਰਤ ਵਿੱਚ ਕਈ ਏਅਰਲਾਈਨਾਂ ਪਹਿਲਾਂ ਹੀ ਬੰਦ ਹੋ ਚੁੱਕੀਆਂ ਹਨ, ਜਿਸ ਕਾਰਨ ਹੁਣ ਮੌਜੂਦਾ ਕੰਪਨੀਆਂ ਨੂੰ ਸਹਿਯੋਗ ਦੇਣਾ ਬਹੁਤ ਜ਼ਰੂਰੀ ਹੈ।



ਹਵਾਈ ਕੰਪਨੀਆਂ ਇਸ ਸਮੇਂ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਘਰਸ਼ ਅਤੇ ਪਾਕਿਸਤਾਨੀ ਹਵਾਈ ਖੇਤਰ ਦੇ ਬੰਦ ਹੋਣ ਕਾਰਨ ਬਹੁਤ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੀਆਂ ਹਨ। ਇਨ੍ਹਾਂ ਪਾਬੰਦੀਆਂ ਕਾਰਨ ਜਹਾਜ਼ਾਂ ਨੂੰ ਲੰਬੇ ਰਸਤਿਆਂ ਰਾਹੀਂ ਉਡਾਣ ਭਰਨੀ ਪੈਂਦੀ ਹੈ, ਜਿਸ ਨਾਲ ਤੇਲ ਦੀ ਖਪਤ ਅਤੇ ਖਰਚਾ ਦੋਵੇਂ ਵਧ ਗਏ ਹਨ। ਜਹਾਜ਼ ਵਿੱਚ ਜ਼ਿਆਦਾ ਤੇਲ ਲੈ ਕੇ ਜਾਣ ਦਾ ਮਤਲਬ ਹੈ ਕਿ ਸਾਮਾਨ ਅਤੇ ਮੁਸਾਫਰਾਂ ਲਈ ਜਗ੍ਹਾ ਘੱਟ ਬਚਦੀ ਹੈ, ਜਿਸ ਨਾਲ ਕੰਪਨੀਆਂ ਦੀ ਕਮਾਈ 'ਤੇ ਸਿੱਧਾ ਅਸਰ ਪੈਂਦਾ ਹੈ। ਕਿਦਵਈ ਨੇ ਉਮੀਦ ਜਤਾਈ ਹੈ ਕਿ ਇਹ ਔਖਾ ਸਮਾਂ ਜਲਦੀ ਹੀ ਬਦਲੇਗਾ ਅਤੇ ਹਵਾਈ ਖੇਤਰ ਲਈ ਬਿਹਤਰ ਦਿਨ ਆਉਣਗੇ।

## ਅਬੂ ਧਾਬੀ 'ਚ ਭਾਰਤੀ ਸਣੇ 2 ਮੌਤਾਂ

**ਦੁਬਈ** : ਸੰਯੁਕਤ ਅਰਬ ਅਮੀਰਾਤ ਦੇ ਅਬੂ ਧਾਬੀ ਵਿੱਚ ਇੱਕ ਬੈਲਿਸਟਿਕ ਮਿਜ਼ਾਈਲ ਨੂੰ ਨਸ਼ਟ ਕਰਨ ਦੌਰਾਨ, ਉਸ ਦੇ ਟੁਕੜੇ (ਸ਼ੈੱਲ) ਲੱਗਣ ਕਰਕੇ ਇੱਕ ਭਾਰਤੀ ਸਣੇ ਦੋ ਲੋਕ ਮਾਰੇ ਗਏ, ਜਦਕਿ ਤਿੰਨ ਜ਼ਖਮੀ ਹੋ ਗਏ।

ਭਿਆਨਕ ਜੰਗ ਵਿੱਚ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਹੁਣ ਤੱਕ ਈਰਾਨ ਵਿੱਚ 1500, ਲਿਬਨਾਨ ਵਿੱਚ 1100 ਅਤੇ ਇਜ਼ਰਾਈਲ ਵਿੱਚ 16 ਲੋਕਾਂ ਦੀ ਜਾਨ ਜਾ ਚੁੱਕੀ ਹੈ। ਇਸ ਤੋਂ ਇਲਾਵਾ 13 ਅਮਰੀਕੀ ਫੌਜੀ ਵੀ ਮਾਰੇ ਗਏ ਹਨ। ਲਿਬਨਾਨ ਅਤੇ ਈਰਾਨ ਵਿੱਚ ਲੱਖਾਂ ਲੋਕ ਆਪਣੇ ਘਰ ਛੱਡਣ ਲਈ ਮਜਬੂਰ ਹੋ ਗਏ ਹਨ।

### ਸੁਖਨਾ ਝੀਲ 'ਤੇ ਅੱਜ ਤੇ ਭਲਕੇ ਏਅਰ ਸ਼ੋਅ

**ਚੰਡੀਗੜ੍ਹ** : ਸੁਖਨਾ ਝੀਲ ਉੱਤੇ 27 ਅਤੇ 28 ਮਾਰਚ ਨੂੰ ਹੋਣ ਵਾਲੇ ਏਅਰ ਸ਼ੋਅ ਨੂੰ ਲੈ ਕੇ ਡੀ ਸੀ ਨਿਸ਼ਾਂਤ ਯਾਦਵ ਨੇ ਦੱਸਿਆ ਕਿ ਏਅਰ ਸ਼ੋਅ ਦਾ ਸਮਾਂ ਸਵੇਰੇ 10:30 ਵਜੇ ਤੋਂ 11:30 ਵਜੇ ਤੱਕ ਰਹੇਗਾ। 28 ਮਾਰਚ ਨੂੰ ਪੰਜਾਬ ਦੇ ਰਾਜਪਾਲ ਤੇ ਯੂ ਟੀ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਹੋਣਗੇ। ਪ੍ਰਸ਼ਾਸਨ ਅਨੁਸਾਰ, ਦੋਵਾਂ ਦਿਨਾਂ ਲਈ 10-10 ਹਜ਼ਾਰ ਲੋਕਾਂ ਦੀ ਸਮਰੱਥਾ ਤੈਅ ਕੀਤੀ ਗਈ ਹੈ। 28 ਮਾਰਚ ਦੀਆਂ ਸਾਰੀਆਂ ਟਿਕਟਾਂ ਪਹਿਲਾਂ ਹੀ ਬੁੱਕ ਹੋ ਚੁੱਕੀਆਂ ਹਨ, ਜਦਕਿ 27 ਮਾਰਚ ਲਈ ਕਰੀਬ 7,000 ਟਿਕਟਾਂ ਬੁੱਕ ਕੀਤੀਆਂ ਜਾ ਚੁੱਕੀਆਂ ਹਨ। ਪ੍ਰੋਗਰਾਮ ਵਿੱਚ ਐਂਟਰੀ ਸਿਰਫ ਉਨ੍ਹਾਂ ਲੋਕਾਂ ਨੂੰ ਮਿਲੇਗੀ, ਜਿਨ੍ਹਾਂ ਨੇ ਚੰਡੀਗੜ੍ਹ ਟੂਰਿਜ਼ਮ ਐਪ 'ਤੇ ਰਜਿਸਟ੍ਰੇਸ਼ਨ ਕਰਵਾਈ ਹੈ। ਏਅਰ ਸ਼ੋਅ ਦੇ ਮੱਦੇਨਜ਼ਰ 26 ਮਾਰਚ ਤੋਂ ਲੈ ਕੇ 28 ਮਾਰਚ ਦੁਪਹਿਰ 1:30 ਵਜੇ ਤੱਕ ਸੁਖਨਾ ਝੀਲ ਨੂੰ ਆਮ ਲੋਕਾਂ ਲਈ ਬੰਦ ਕਰ ਦਿੱਤਾ ਗਿਆ ਹੈ।

### 14 ਬੱਸ ਯਾਤਰੀਆਂ ਦੀ ਮੌਤ

**ਹੈਦਰਾਬਾਦ** : ਆਂਧਰਾ ਪ੍ਰਦੇਸ਼ ਦੇ ਮਾਰਕਾਪੁਰਮ ਜ਼ਿਲ੍ਹੇ ਵਿੱਚ ਵੀਰਵਾਰ ਨਿੱਜੀ ਬੱਸ ਦੀ ਟਿੱਪਰ ਨਾਲ ਟੱਕਰ ਹੋਣ ਅਤੇ ਅੱਗ ਲੱਗਣ ਕਾਰਨ 14 ਲੋਕਾਂ ਦੀ ਮੌਤ ਹੋ ਗਈ ਹੈ ਅਤੇ 23 ਜ਼ਖਮੀ ਹੋ ਗਏ। ਪ੍ਰਾਈਵੇਟ ਟਰੈਵਲ ਬੱਸ ਤੇਲੰਗਾਨਾ ਦੇ ਜਗਤਿਆਲ ਤੋਂ ਨੇਲੋਰ ਜ਼ਿਲ੍ਹੇ ਦੇ ਕਾਲੀਗਿਰੀ ਜਾ ਰਹੀ ਸੀ।

### ਪੈਟਰੋਲ ਪੰਪਾਂ 'ਤੇ ਵੀ ਮਿਲੂ

**ਚੰਡੀਗੜ੍ਹ** : ਯੂ ਟੀ ਪ੍ਰਸ਼ਾਸਨ ਦੀ 2026-27 ਦੀ ਆਬਕਾਰੀ ਨੀਤੀ ਤਹਿਤ ਪੈਟਰੋਲ ਪੰਪਾਂ ਤੇ ਡਿਪਾਰਟਮੈਂਟਲ ਸਟੋਰਾਂ 'ਤੇ ਵੀ ਸ਼ਰਾਬ ਦੀ ਵਿਕਰੀ ਹੋਵੇਗੀ। ਸ਼ਰਤ ਸਿਰਫ ਇਹ ਹੈ ਕਿ ਇਨ੍ਹਾਂ 'ਤੇ 3 ਕਰੋੜ ਰੁਪਏ ਸਾਲਾਨਾ ਜੀ ਐੱਸ ਟੀ ਰਿਟਰਨ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਰਾਤ ਦੇ 12 ਵਜੇ ਤੱਕ ਸ਼ਰਾਬ ਵੇਚੀ ਜਾਏਗੀ। ਸੁੰਨਸਾਨ ਥਾਵਾਂ 'ਤੇ ਠੇਕੇ ਨਾ ਖੁਲ੍ਹਵਾਉਣ ਦੇ ਉਦੇਸ਼ ਨਾਲ ਇਹ ਫੈਸਲਾ ਲਿਆ ਗਿਆ ਹੈ।

### ਐੱਫ ਆਈ ਆਰ ਦੀ ਕਾਪੀ ਫ੍ਰੀ ਹੀ ਮਿਲੇਗੀ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਪੰਜਾਬ ਪੁਲਸ ਦੀ ਵੈੱਬਸਾਈਟ ਤੋਂ ਐੱਫ ਆਈ ਆਰ ਡਾਊਨਲੋਡ ਕਰਨ ਲਈ ਲਗਾਈ ਜਾਣ ਵਾਲੀ 80 ਰੁਪਏ ਦੀ ਫੀਸ ਦੇ ਫੈਸਲੇ ਨੂੰ ਵਾਪਸ ਲੈ ਲਿਆ ਹੈ। ਵਕੀਲਾਂ ਨੇ ਸਰਕਾਰ ਦੇ ਇਸ ਕਦਮ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ।

## ਸਮੁੰਦਰੀ ਭਾੜਾ 80 ਫੀਸਦੀ ਤੱਕ ਵਧਿਆ

**ਕੋਲਕਾਤਾ** : ਪੱਛਮੀ ਏਸ਼ੀਆ ਵਿੱਚ ਜਾਰੀ ਸੰਕਟ ਕਾਰਨ ਯੂਰਪ ਜਾਣ ਵਾਲੇ ਸਾਮਾਨ ਦੀ ਢੁਆਈ ਦੀ ਲਾਗਤ (ਭਾੜੇ) ਵਿੱਚ 60 ਤੋਂ 80 ਫੀਸਦੀ ਤੱਕ ਦਾ ਭਾਰੀ ਵਾਧਾ ਹੋਇਆ ਹੈ। ਇਸ ਨਾਲ ਪੂਰਬੀ ਭਾਰਤ ਤੋਂ ਹੋਣ ਵਾਲੀ ਬਰਾਮਦ ਵਿੱਚ 50 ਫੀਸਦੀ ਤੱਕ ਦੀ ਗਿਰਾਵਟ ਆਈ ਹੈ ਅਤੇ ਕੋਲਕਾਤਾ ਬੰਦਰਗਾਹ 'ਤੇ ਸੈਂਕੜੇ ਕੰਟੇਨਰ ਫਸ ਗਏ ਹਨ। ਕਲਕੱਤਾ ਕਸਟਮਜ਼ ਹਾਊਸ ਏਜੰਟਸ ਐਸੋਸੀਏਸ਼ਨ ਦੇ ਪ੍ਰਧਾਨ ਮੰਨੂ ਚੌਧਰੀ ਨੇ ਦੱਸਿਆ ਕਿ ਜਹਾਜ਼ਾਂ ਦਾ ਰਸਤਾ ਬਦਲ ਕੇ ਅਫਰੀਕਾ ਹੋ ਕੇ ਜਾਣ ਕਾਰਨ ਭਾੜੇ ਵਿੱਚ 40 ਫੀਸਦੀ ਦਾ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਜੰਗ ਦੇ ਕਾਰਨ ਲੱਗਣ ਵਾਲੇ ਵਾਧੂ ਖਰਚਿਆਂ ਨੂੰ ਮਿਲਾ ਕੇ ਯੂਰਪ ਅਤੇ ਅਮਰੀਕਾ ਜਾਣ ਵਾਲੇ ਸਾਮਾਨ ਦੀ ਕੁੱਲ ਲਾਗਤ 80 ਫੀਸਦੀ ਤੱਕ ਵਧ ਗਈ ਹੈ। ਉਨ੍ਹਾ ਕਿਹਾ ਕਿ ਸ਼ਿਪਿੰਗ ਕੰਪਨੀਆਂ ਹੁਣ ਨਵਾਂ ਸਾਮਾਨ ਲੈਣ ਤੋਂ ਮਨ੍ਹਾ ਕਰ ਰਹੀਆਂ ਹਨ। ਇਸ ਕਾਰਨ ਕੋਲਕਾਤਾ ਬੰਦਰਗਾਹ 'ਤੇ ਲੋਡਿੰਗ ਲਈ ਪਹੁੰਚੇ ਲਗਭਗ 600 ਭਰੇ ਹੋਏ ਕੰਟੇਨਰਾਂ ਨੂੰ ਜਗ੍ਹਾ ਦੀ ਘਾਟ ਕਾਰਨ ਸ਼ਹਿਰ ਵਾਪਸ ਭੇਜਣਾ ਪਿਆ ਹੈ।



ਇੰਜੀਨੀਅਰਿੰਗ ਐਕਸਪੋਰਟ ਪ੍ਰਮੋਸ਼ਨ ਕੌਂਸਲ ਇੰਡੀਆ ਦੇ ਸਾਬਕਾ ਚੇਅਰਮੈਨ ਰਾਕੇਸ਼ ਸ਼ਾਹ ਨੇ ਸਥਿਤੀ ਨੂੰ ਗੰਭੀਰ ਦੱਸਦੇ ਹੋਏ ਕਿਹਾ ਕਿ ਭਾੜੇ ਵਿੱਚ ਵਾਧੇ ਅਤੇ ਕੰਟੇਨਰਾਂ ਦੀ ਕਮੀ ਦੇ ਨਾਲ-ਨਾਲ ਰਸੋਈ ਗੈਸ (ਐੱਲ ਪੀ ਜੀ) ਦੀ ਕਿੱਲਤ ਨੇ ਵੀ ਉਤਪਾਦਨ ਨੂੰ ਪ੍ਰਭਾਵਤ ਕੀਤਾ ਹੈ। ਐੱਲ ਪੀ ਜੀ ਦੀ ਵਰਤੋਂ ਇੰਜੀਨੀਅਰਿੰਗ ਸਾਮਾਨ ਨੂੰ ਅੰਤਮ ਰੂਪ ਦੇਣ ਦੀ ਪ੍ਰਕਿਰਿਆ ਵਿੱਚ ਕੀਤੀ ਜਾਂਦੀ ਹੈ। ਸ਼ਾਹ ਅਨੁਸਾਰ ਇੰਜੀਨੀਅਰਿੰਗ ਉਦਯੋਗ ਨੂੰ ਇਸ ਸਾਲ 3.5 ਫੀਸਦੀ ਦੇ ਵਾਧੇ ਦੀ ਉਮੀਦ ਸੀ, ਪਰ ਹੁਣ ਇਹ ਪਿਛਲੇ ਸਾਲ ਦੇ ਪੱਧਰ 'ਤੇ ਹੀ ਰਹਿਣ ਦੀ ਸੰਭਾਵਨਾ ਹੈ। ਪੂਰਬੀ ਖੇਤਰ ਤੋਂ ਹੋਣ ਵਾਲੀ ਬਰਾਮਦ ਵਿੱਚ ਸਭ ਤੋਂ ਵੱਧ ਅਸਰ ਮੱਛੀ, ਝੀਂਗਾ, ਇੰਜੀਨੀਅਰਿੰਗ ਸਾਮਾਨ, ਕੱਪੜੇ ਅਤੇ ਦਵਾਈਆਂ 'ਤੇ ਪਿਆ ਹੈ।ਵਿਦੇਸ਼ਾਂ ਵਿੱਚ ਸਮਾਨ ਭੇਜਣ ਵਾਲੇ ਵਪਾਰੀਆਂ ਦੀ ਮਦਦ ਲਈ ਸਰਕਾਰ ਨੇ 497 ਕਰੋੜ ਰੁਪਏ ਦੀ ਰਿਲੀਫ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ। ਇਸ ਤਹਿਤ ਜੰਗ ਕਾਰਨ ਹੋਣ ਵਾਲੇ ਨੁਕਸਾਨ ਅਤੇ ਮਾਲ ਢੁਆਈ 'ਤੇ ਲੱਗਣ ਵਾਲੇ ਵਾਧੂ ਟੈਕਸਾਂ ਦੀ ਭਰਪਾਈ ਵਿੱਚ ਮਦਦ ਦਿੱਤੀ ਜਾਵੇਗੀ। ਛੋਟੇ, ਲਘੂ ਅਤੇ ਦਰਮਿਆਨੇ ਉਦਯੋਗਾਂ ਨੂੰ ਮਾਲ ਢੁਆਈ ਅਤੇ ਬੀਮਾ ਖਰਚਿਆਂ 'ਤੇ 50 ਫੀਸਦੀ ਤੱਕ ਦੀ ਵਾਪਸੀ ਮਿਲ ਸਕੇਗੀ।

### ਅਜੀਬ ਆਵਾਜ਼ਾਂ ਆਉਣ 'ਤੇ ਜਹਾਜ਼ ਮੋੜਨਾ ਪਿਆ

**ਨਵੀਂ ਦਿੱਲੀ** : ਏਅਰ ਇੰਡੀਆ ਦੇ ਅੱਤ-ਆਧੁਨਿਕ ਏ-350 ਜਹਾਜ਼ ਨੂੰ ਵੀਰਵਾਰ ਦੁਪਹਿਰ ਤਕਨੀਕੀ ਖਰਾਬੀ ਕਾਰਨ ਲੰਡਨ ਦੇ ਰਸਤੇ ਤੋਂ ਵਾਪਸ ਦਿੱਲੀ ਮੋੜਨਾ ਪਿਆ। ਜਹਾਜ਼ ਲੱਗਭੱਗ ਸੱਤ ਘੰਟੇ ਹਵਾ ਵਿੱਚ ਰਹਿਣ ਤੋਂ ਬਾਅਦ ਕੌਮੀ ਰਾਜਧਾਨੀ ਦੇ ਹਵਾਈ ਅੱਡੇ 'ਤੇ ਸੁਰੱਖਿਅਤ ਉਤਰਿਆ। ਦੱਸਿਆ ਜਾ ਰਿਹਾ ਹੈ ਕਿ ਜਹਾਜ਼ ਵਿੱਚੋਂ ਅਜੀਬ ਆਵਾਜ਼ਾਂ ਸੁਣਾਈ ਦੇਣ ਕਾਰਨ ਇਹ ਫੈਸਲਾ ਲਿਆ ਗਿਆ। 'ਏ ਆਈ-111' ਨੰਬਰ ਦੀ ਉਡਾਣ ਵਾਲਾ ਜਹਾਜ਼ ਵੀਰਵਾਰ ਸਵੇਰੇ ਕਰੀਬ 6 ਵਜੇ ਦਿੱਲੀ ਤੋਂ ਲੰਡਨ ਲਈ ਉੱਡਿਆ ਸੀ। ਜਦੋਂ ਜਹਾਜ਼ ਸਾਊਦੀ ਅਰਬ ਦੀ ਹਵਾਈ ਸੀਮਾ ਵਿੱਚ ਸੀ, ਤਾਂ ਤਕਨੀਕੀ ਖਰਾਬੀ ਦਾ ਸ਼ੱਕ ਪਿਆ। ਚਾਰ ਘੰਟੇ ਦੀ ਉਡਾਣ ਤੋਂ ਬਾਅਦ ਜਹਾਜ਼ ਨੂੰ ਵਾਪਸ ਮੋੜਨ ਦਾ ਫੈਸਲਾ ਕੀਤਾ ਗਿਆ ਅਤੇ ਦੁਪਹਿਰ ਕਰੀਬ 12:30 ਵਜੇ ਇਹ ਵਾਪਸ ਦਿੱਲੀ ਉਤਰਿਆ।

### ਦਿੱਲੀ-ਰੋਮ ਸਿੱਧੀ ਉਡਾਣ ਸ਼ੁਰੂ

**ਨਵੀਂ ਦਿੱਲੀ** : ਏਅਰ ਇੰਡੀਆ ਨੇ ਲਗਭਗ ਛੇ ਸਾਲਾਂ ਬਾਅਦ ਦਿੱਲੀ ਅਤੇ ਰੋਮ ਵਿਚਕਾਰ ਆਪਣੀ ਨਾਨ-ਸਟਾਪ ਸੇਵਾ ਮੁੜ ਸ਼ੁਰੂ ਕਰ ਦਿੱਤੀ ਹੈ। ਏਅਰਲਾਈਨ ਨੇ ਰੋਮ ਫਿਊਮੀਸੀਨੋ ਹਵਾਈ ਅੱਡੇ ਲਈ ਆਪਣੀ ਹਫਤੇ ਵਿੱਚ ਚਾਰ ਵਾਰ ਚੱਲਣ ਵਾਲੀ ਸਿੱਧੀ ਸੇਵਾ ਦਾ ਉਦਘਾਟਨ ਕੀਤਾ, ਜਿਸ ਨਾਲ ਰੋਮ ਮੁੱਖ ਯੂਰਪ ਵਿੱਚ ਇਸ ਦਾ ਅੱਠਵਾਂ ਗੇਟਵੇਅ ਅਤੇ ਮਿਲਾਨ ਤੋਂ ਬਾਅਦ ਇਟਲੀ ਵਿੱਚ ਦੂਜੀ ਮੰਜ਼ਲ ਬਣ ਗਿਆ ਹੈ।

## ਰਾਹੁਲ ਵੱਲੋਂ ਨਰਸ ਦੀ ਸ਼ਲਾਘਾ

**ਤਿਰੁਅਨੰਤਪੁਰਮ** : ਰਾਹੁਲ ਗਾਂਧੀ ਨੇ ਦਿੱਲੀ ਦੇ ਇੱਕ ਹਸਪਤਾਲ ਵਿੱਚ ਆਪਣੀ ਬਿਮਾਰ ਮਾਂ ਸੋਨੀਆ ਗਾਂਧੀ ਦੀ ਦੇਖਭਾਲ ਕਰ ਰਹੀ ਕੇਰਲਾ ਦੀ ਇੱਕ ਨਰਸ ਦੀ ਤਨਦੇਹੀ ਅਤੇ ਸਮਰਪਣ ਭਾਵਨਾ ਦੀ ਭਰਪੂਰ ਸ਼ਲਾਘਾ ਕੀਤੀ ਹੈ। ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਭਾਵੁਕ ਪੋਸਟ ਸਾਂਝੀ ਕਰਦਿਆਂ ਰਾਹੁਲ ਨੇ ਦੱਸਿਆ ਕਿ ਹਸਪਤਾਲ ਵਿੱਚ ਇੱਕ ਚਿੰਤਤ ਪੁੱਤਰ ਵਜੋਂ ਉਸ ਨੂੰ ਉਸ ਸਮੇਂ ਬਹੁਤ ਸਕੂਨ ਮਿਲਿਆ, ਜਦੋਂ ਕੇਰਲਾ ਦੀ ਨਰਸ ਹਰ ਘੰਟੇ ਉਨ੍ਹਾ ਦੀ ਮਾਂ ਦਾ ਹਾਲ-ਚਾਲ ਪੁੱਛਣ ਆਉਂਦੀ ਰਹੀ। ਰਾਹੁਲ ਮੁਤਾਬਕ ਉਸ ਨਰਸ ਦੀ ਪਿਆਰੀ ਮੁਸਕਰਾਹਟ ਅਤੇ ਮਰੀਜ਼ ਦਾ ਹੱਥ ਫੜ ਕੇ ਦਿਲਾਸਾ ਦੇਣ ਦਾ ਅੰਦਾਜ਼ ਕੇਰਲਾ ਦੇ ਅਸਲ ਸੱਭਿਆਚਾਰ ਅਤੇ ਸੇਵਾ ਭਾਵਨਾ ਦਾ ਪ੍ਰਤੀਕ ਹੈ।

ਰਾਹੁਲ ਗਾਂਧੀ ਨੇ ਅੱਗੇ ਲਿਖਿਆ ਕਿ ਜਦੋਂ ਉਸ ਨੇ ਨਰਸ ਤੋਂ ਪੁੱਛਿਆ ਕਿ ਕੀ ਉਹ ਰਾਤ ਨੂੰ ਸੌਂਦੀ ਨਹੀਂ, ਤਾਂ ਉਸ ਨੇ ਬੜੀ ਸਾਦਗੀ ਨਾਲ ਜਵਾਬ ਦਿੱਤਾ ਕਿ ਉਹ ਸਾਰੀ ਰਾਤ ਡਿਊਟੀ ਕਰਦੀ ਹੈ। ਰਾਹੁਲ ਨੇ ਕਿਹਾ ਕਿ ਇਹ ਸਿਰਫ ਦਿੱਲੀ ਜਾਂ ਕੇਰਲਾ ਦੀ ਗੱਲ ਨਹੀਂ ਹੈ, ਸਗੋਂ ਪੂਰੀ ਦੁਨੀਆ ਵਿੱਚ ਕੇਰਲਾ ਦੀਆਂ ਔਰਤਾਂ ਮੁਸ਼ਕਲ ਘੜੀ ਵਿੱਚ ਲੋਕਾਂ ਦਾ ਸਹਾਰਾ ਬਣ ਰਹੀਆਂ ਹਨ। ਉਸ ਨੇ ਇਸ ਜਜ਼ਬੇ ਨੂੰ ਕੇਰਲਾ ਦੀ ਰੂਹ ਦੱਸਦਿਆਂ ਕਿਹਾ ਕਿ ਇਹ ਧੀਆਂ ਆਪਣੀ ਨੀਂਦ ਤਿਆਗ ਕੇ ਦੂਜਿਆਂ ਦੇ ਦੁੱਖ ਵੰਡਾ ਰਹੀਆਂ ਹਨ, ਜੋ ਕਿ ਬੇਹੱਦ ਕਾਬਿਲ-ਏ-ਤਾਰੀਫ ਹੈ।

## 31 ਦੇ ਕ੍ਰਿਕਟ ਮੈਚ ਦੇ ਪ੍ਰਬੰਧਾਂ ਦਾ ਜਾਇਜ਼ਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)**

ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐੱਲ) 2026 ਦੇ ਹਿੱਸੇ ਵਜੋਂ 31 ਮਾਰਚ ਨੂੰ ਪੰਜਾਬ ਕਿੰਗਜ਼ ਅਤੇ ਗੁਜਰਾਤ ਟਾਈਟਨਜ਼ ਦਰਮਿਆਨ ਹੋਣ ਵਾਲੇ ਮੈਚ ਦੇ ਮੱਦੇਨਜ਼ਰ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ ਸੀ ਏ) ਦੇ ਨਵੇਂ ਚੁਣੇ ਗਏ ਸਕੱਤਰ ਤੇ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਪੀ ਸੀ ਏ ਦੇ ਉਪ ਪ੍ਰਧਾਨ ਦੀਪਕ ਬਾਲੀ ਨੇ ਵੀਰਵਾਰ ਕ੍ਰਿਕਟ ਸਟੇਡੀਅਮ ਮੁੱਲਾਂਪੁਰ, ਨਿਊ ਚੰਡੀਗੜ੍ਹ ਦਾ ਦੌਰਾ ਕੀਤਾ।ਡਿਪਟੀ ਕਮਿਸ਼ਨਰ ਮੁਹਾਲੀ ਕੋਮਲ ਮਿੱਤਲ ਅਤੇ ਐੱਸ ਐੱਸ ਪੀ ਹਰਮਨਦੀਪ ਸਿੰਘ ਹਾਂਸ ਨੇ ਪਤਵੰਤਿਆਂ ਸਮੇਤ ਸਟੇਡੀਅਮ ਦੇ ਵੱਖ-ਵੱਖ ਬਲਾਕਾਂ, ਸਟੇਡੀਅਮ ਤੱਕ ਪਹੁੰਚਣ ਵਾਲੇ ਰਸਤੇ, ਪਾਰਕਿੰਗ ਸਹੂਲਤਾਂ, ਸੁਰੱਖਿਆ ਉਪਾਵਾਂ ਦਾ ਜਾਇਜ਼ਾ ਲਿਆ ਅਤੇ ਭੀੜ ਦੇ ਸੁਚਾਰੂ ਪ੍ਰਬੰਧਨ ਦੇ ਮਹੱਤਵਪੂਰਨ ਮੁੱਦੇ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ, ਤਾਂ ਜੋ ਲੋਕਾਂ ਨੂੰ ਕ੍ਰਿਕਟ ਦਾ ਨਿਰਵਿਘਨ ਅਤੇ ਬਿਹਤਰ ਅਨੁਭਵ ਪ੍ਰਦਾਨ ਕੀਤਾ ਜਾ ਸਕੇ।ਸਿਵਲ ਅਤੇ ਪੁਲਸ ਪ੍ਰਸ਼ਾਸਨ ਦਰਮਿਆਨ ਮੁਕੰਮਲ ਤਾਲਮੇਲ ਦੀ ਵਕਾਲਤ ਕਰਦਿਆਂ ਪੀ ਸੀ ਏ ਦੇ ਉਪ ਪ੍ਰਧਾਨ ਦੀਪਕ ਬਾਲੀ ਨੇ ਕਿਹਾ ਕਿ 31 ਮਾਰਚ ਨੂੰ ਹੋਣ ਵਾਲੇ ਮੈਚ ਤੋਂ ਇਲਾਵਾ ਸਟੇਡੀਅਮ ਵਿੱਚ 3 ਹੋਰ ਮੈਚ ਕਰਵਾਏ ਜਾਣਗੇ, ਜੋ ਕਿ ਪੰਜਾਬ ਸਰਕਾਰ ਲਈ ਬਹੁਤ ਮਾਣ ਵਾਲੀ ਗੱਲ ਹੈ। ਉਹਨਾ ਕਿਹਾ ਕਿ ਸਮੇਂ ਦੇ ਨਾਲ ਇਹ ਸਟੇਡੀਅਮ ਵਿਸ਼ਵ ਦੇ ਨਕਸ਼ੇ 'ਤੇ ਵੱਕਾਰੀ ਟੂਰਨਾਮੈਂਟਾਂ ਦੇ ਕੇਂਦਰ ਵਜੋਂ ਉਭਰ ਰਿਹਾ ਹੈ।



### ਦਿੱਲੀ ਦੇ ਸਕੂਲਾਂ 'ਚ ਰੀਲਾਂ ਬਣਾਉਣ 'ਤੇ ਰੋਕ

**ਨਵੀਂ ਦਿੱਲੀ** : ਸਰਕਾਰ ਨੇ ਦਿੱਲੀ ਦੇ ਸਾਰੇ ਸਕੂਲਾਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਕਿ ਵਿਦਿਆਰਥੀ, ਅਧਿਆਪਕ ਅਤੇ ਸਟਾਫ ਸਕੂਲ ਦੇ ਸਮੇਂ ਦੌਰਾਨ ਰੀਲਜ਼ ਜਾਂ ਸ਼ਾਰਟ ਵੀਡੀਓ ਨਾ ਬਣਾਉਣ।

ਨੇ ਜ਼ੋਰ ਦਿੱਤਾ ਹੈ ਕਿ ਪੜ੍ਹਾਈ ਵਿੱਚ ਵਿਘਨ ਪਾਉਣ ਵਾਲੀ ਜਾਂ ਵਿਦਿਆਰਥੀਆਂ ਦਾ ਧਿਆਨ ਭਟਕਾਉਣ ਵਾਲੀ ਕਿਸੇ ਵੀ ਗਤੀਵਿਧੀ ਦੀ ਮਨਾਹੀ ਹੋਣੀ ਚਾਹੀਦੀ ਹੈ, ਸੰਸਥਾਵਾਂ ਦੀ ਸ਼ਾਨ ਅਤੇ ਮਰਿਆਦਾ ਬਰਕਰਾਰ ਰੱਖੀ ਜਾਣੀ ਚਾਹੀਦੀ ਹੈ ਅਤੇ ਪੂਰਾ ਧਿਆਨ ਸਿੱਖਿਆ 'ਤੇ ਹੋਣਾ ਚਾਹੀਦਾ ਹੈ।

## ਅੱਜ-ਨਾਮਾ

ਕਿਸੇ ਵੀ ਗੱਲ 'ਤੇ 'ਕੱਠੇ ਨਾ ਕਾਂਗਰਸੀਏ,
ਆਪ ਹੀ ਜੜ੍ਹੀਂ ਦੇਂਦੇ ਆਪਣੇ ਤੇਲ ਬੇਲੀ।
ਇੱਕ ਜੇ ਦੱਖਣ, ਪਹਾੜ ਵੱਲ ਮੂੰਹ ਦੂਜਾ,
ਕਦੇ ਵੀ ਹੁੰਦਾ ਨਹੀਂ ਆਪਸੀ ਮੇਲ ਬੇਲੀ।
ਸਿਆਸਤ ਵਿੱਚ ਗੰਭੀਰ ਨਾ ਨਜ਼ਰ ਪੈਂਦੇ,
ਹੈੱਡ ਕਿਤੇ ਹੁੰਦਾ ਤਾਂ ਕਿਧਰੇ ਟੇਲ ਬੇਲੀ।
ਲੜਦੇ-ਭਿੜਦੇ ਉਹ ਇੰਜ ਨੇ ਹਰ ਵਾਰੀ,
ਕਿਸ਼ਤੀ ਚੋਣ ਵਿੱਚ ਦੇਂਦੇ ਈ ਠੇਲ੍ਹ ਬੇਲੀ।
ਖਾ-ਖਾ ਕੁੱਟ ਨਹੀਂ ਫੇਰ ਵੀ ਅਕਲ ਆਵੇ,
ਖਹਿੜਾ ਛੱਡੇ ਪੁਰਾਣਾ ਨਹੀਂ ਮਰਜ਼ ਬੇਲੀ।
ਏਦਾਂ ਰਿਹਾ ਤਾਂ ਸਮਝ ਲਉ ਸਾਲ ਅਗਲੇ,
ਲੱਗੇ ਜਿੱਤਾਂ ਨਾ ਕਰਨ ਇਹ ਦਰਜ ਬੇਲੀ।

-ਤੀਸ ਮਾਰ ਖਾਂ

## ਮਾਰਕਸਵਾਦ ਕਿਰਤੀ ਜਮਾਤ ਦਾ ਰਾਹ-ਦਸੇਰਾ : ਜਗਰੂਪ

**ਮੋਗਾ (ਇਕਬਾਲ ਸਿੰਘ ਖਹਿਰਾ)**

ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਪਦਾਰਥਵਾਦ ਵਿਚਾਰ ਮੰਚ ਵੱਲੋਂ ਮਾਰਕਸਵਾਦ ਵਿਸ਼ੇ 'ਤੇ ਇਕ ਵਿਸ਼ੇਸ਼ ਵਿਚਾਰ ਗੋਸ਼ਟੀ ਵੀਰਵਾਰ ਆਰੰਭ ਹੋਈ, ਜਿਸ ਵਿੱਚ ਵੱਖ-ਵੱਖ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਨੌਜਵਾਨਾਂ, ਵਿਦਿਆਰਥੀਆਂ, ਮੁਲਾਜ਼ਮਾਂ ਅਤੇ ਬੁੱਧੀਜੀਵੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਤਿੰਨ ਰੋਜ਼ਾ ਵਿਚਾਰ-ਗੋਸ਼ਟੀ ਦਾ ਉਦਘਾਟਨ ਮੰਚ ਦੇ ਪ੍ਰਧਾਨ ਡਾ. ਇੰਦਰਵੀਰ ਗਿੱਲ ਨੇ ਕੀਤਾ। ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ ਉਨ੍ਹਾ ਕਿਹਾ ਕਿ ਮੌਜੂਦਾ ਸਮੇਂ ਵਿੱਚ ਬੁੱਧੀਜੀਵੀਆਂ ਅਤੇ ਵਿਦਿਆਰਥੀਆਂ ਦੇ ਸਾਹਮਣੇ ਇੱਕ ਗੰਭੀਰ ਵਿਚਾਰਧਾਰਾਤਮਕ ਸੰਕਟ ਨਜ਼ਰ ਆ ਰਿਹਾ ਹੈ। ਇਸ ਸੰਕਟ ਨੂੰ ਸਮਝਣ ਅਤੇ ਸਮਾਜਿਕ-ਆਰਥਿਕ ਸਮੱਸਿਆਵਾਂ ਦੇ ਹੱਲ ਲਈ ਮਾਰਕਸਵਾਦੀ ਫਲਸਫੇ ਬਾਰੇ ਸਪੱਸ਼ਟਤਾ ਬਹੁਤ ਜ਼ਰੂਰੀ ਹੈ। ਉਨ੍ਹਾ ਵਿਸ਼ਵਾਸ ਜਤਾਇਆ ਕਿ ਇਸ ਤਰ੍ਹਾਂ ਦੀ ਵਿਚਾਰ-ਗੋਸ਼ਟੀ ਵਿਚਾਰਧਾਰਾਤਮਕ ਸਪੱਸ਼ਟਤਾ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗੀ।

ਮਾਰਕਸਵਾਦ ਵਿਸ਼ੇ 'ਤੇ ਤਿੰਨ ਰੋਜ਼ਾ ਵਿਚਾਰ-ਗੋਸ਼ਟੀ ਦਾ ਆਗਾਜ਼



ਮਾਰਕਸਵਾਦੀ ਚਿੰਤਕ ਜਗਰੂਪ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਜਦੋਂ ਦੁਨੀਆ ਪਹਿਲਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਬਦਲ ਗਈ ਹੈ ਅਤੇ ਏ ਆਈ ਨੇ ਪੈਦਾਵਾਰ ਸਮੇਤ ਹਰ ਖੇਤਰ ਵਿੱਚ ਬਹੁਤ ਵੱਡੀਆਂ ਤਬਦੀਲੀਆਂ ਕਰ ਦਿੱਤੀਆਂ ਹਨ, ਜਿਸ ਨਾਲ ਕਿਰਤੀਆਂ ਕੋਲੋਂ ਰੁਜ਼ਗਾਰ ਖੁਸ ਰਿਹਾ ਹੈ। ਇਹਨਾਂ ਹਾਲਤਾਂ ਵਿੱਚ ਮਾਰਕਸਵਾਦ ਅੱਜ ਵੀ ਕਿਰਤੀ ਜਮਾਤ ਦਾ ਰਾਹ-ਦਸੇਰਾ ਹੈ। ਉਹਨਾ ਕਿਹਾ ਕਿ ਦੁਨੀਆ ਦੀ ਸਰਮਾਏ ਦੀ ਧਿਰ ਵੱਲੋਂ ਮਾਰਕਸਵਾਦ ਨੂੰ ਵੇਲਾ ਵਿਹਾ ਚੁੱਕਿਆ ਸਿਧਾਂਤ ਸਾਬਤ ਕਰਨ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ, ਪਰ ਮਾਰਕਸਵਾਦ ਇਕ ਵਿਗਿਆਨ ਹੈ ਅਤੇ ਮਾਰਕਸਵਾਦ ਸੱਚ ਹੈ। ਉਨ੍ਹਾ ਕਿਹਾ ਕਿ ਮਾਰਕਸਵਾਦੀ ਸਿਧਾਂਤ ਦੇ ਅਮਲ ਦਾ ਤਜਰਬਾ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਸਫਲਤਾਪੂਰਵਕ ਕੀਤਾ ਜਾ ਚੁੱਕਿਆ ਰਿਹਾ ਹੈ ਅਤੇ ਜਾਰੀ ਹੈ। ਉਹਨਾ ਕਿਹਾ ਕਿ ਦੁਨੀਆਂ ਵਿੱਚ ਮੌਜੂਦਾ ਸਰਮਾਏਦਾਰੀ ਪ੍ਰਬੰਧ ਦੇ ਵਿਕਾਸ ਦੀ ਪ੍ਰਤੀਸ਼ਤਤਾ ਘਟਦੀ ਦਰ ਵਾਲੀ ਹੋ ਰਹੀ ਹੈ, ਜਿਸ ਦਾ ਮਤਲਬ ਹੈ ਮਾਰਕਸਵਾਦ ਦੀ ਭਵਿੱਖਬਾਣੀ ਕਿ ਸਰਮਾਏਦਾਰੀ ਦਾ ਵਿਕਾਸ ਇਕ ਸਟੇਜ 'ਤੇ ਜਾ ਕੇ ਰੁਕ ਜਾਵੇਗਾ ਅਤੇ ਕਿਰਤੀਆਂ ਦੀ ਜਿੱਤ ਹੋਵੇਗੀ। ਉਹਨਾਂ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਖਾਸ ਸੱਦਾ ਦਿੰਦਿਆਂ ਕਿਹਾ ਕਿ ਉਹ ਅੱਗੇ ਆ ਕੇ ਮਾਰਕਸਵਾਦ ਦਾ ਅਧਿਐਨ ਕਰਨ, ਤਾਂ ਜੋ ਦੁਨੀਆ ਨੂੰ ਮਾਰਕਸਵਾਦੀ ਸਿਧਾਂਤ ਅਨੁਸਾਰ ਬਦਲਿਆ ਜਾ ਸਕੇ ਤੇ ਸਾਡੇ ਮਹਾਨ ਸ਼ਹੀਦਾਂ ਵੱਲੋਂ ਦੇਖੇ ਸੁਪਨੇ ਸੱਚ ਕੀਤੇ ਜਾ ਸਕਣ।ਹੋਰਨਾਂ ਤੋਂ ਇਲਾਵਾ ਚਰਨਜੀਤ ਛਾਂਗਾ ਰਾਏ, ਕਰਮਵੀਰ ਬੱਧਨੀ, ਸਰਦੂਲ ਸਿੰਘ ਰਾਜਸਥਾਨ, ਸਵਰਨ ਖੋਸਾ, ਸੁਖਵਿੰਦਰ, ਕੁਲਦੀਪ ਭੋਲਾ ਅਤੇ ਰਾਹੁਲ ਵੀ ਸ਼ਾਮਲ ਸਨ।

### ਫੌਜ ਵੱਲੋਂ ਮਿਲਕਫੈੱਡ ਦਾ ਦੁੱਧ ਪਾਊਡਰ ਰੱਦ

**ਚੰਡੀਗੜ੍ਹ** : ਭਾਰਤੀ ਫੌਜ ਨੇ ਲੁਧਿਆਣਾ ਪਲਾਂਟ ਦੀ ਕਰੀਬ 125 ਮੀਟਰਿਕ ਟਨ ਸੁੱਕਾ ਦੁੱਧ ਪਾਊਡਰ ਦੀ ਸਪਲਾਈ ਰੱਦ ਕਰ ਦਿੱਤੀ ਹੈ। ਮਿਲਕਫੈੱਡ ਦੇ ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਲੁਧਿਆਣਾ ਪਲਾਂਟ ਦੇ ਦੁੱਧ ਪਾਊਡਰ ਦੇ ਦੋ ਬੈਚ 58.338 ਮੀਟਰਕ ਟਨ ਅਤੇ 66.654 ਮੀਟਰਕ ਟਨ ਨੂੰ ਗੁਣਵੱਤਾ ਦੇ ਨਜ਼ਰੀਏ ਤੋਂ ਰੱਦ ਕਰ ਦਿੱਤਾ ਗਿਆ ਹੈ। ਫੌਜ ਨੇ ਗੁਣਵੱਤਾ ਦੀ ਜਾਂਚ ਮਗਰੋਂ ਅਜਿਹਾ ਕੀਤਾ। ਜੰਮੂ ਸਥਿਤ ਆਰਮੀ ਸਰਵਿਸ ਕਾਰਪਸ ਦੇ ਆਫੀਸਰ ਕਮਾਂਡਿੰਗ ਨੇ ਜ਼ਿਲ੍ਹਾ ਸਹਿਕਾਰੀ ਦੁੱਧ ਉਤਪਾਦਕ ਯੂਨੀਅਨ ਲੁਧਿਆਣਾ ਨੂੰ ਪੱਤਰ ਭੇਜ ਕੇ ਇਸ ਬਾਰੇ ਜਾਣੂ ਕਰਾਇਆ ਹੈ। ਮਿਲਕਫੈੱਡ ਦੇ ਪੰਜਾਬ ਵਿਚਲੇ ਅਲੱਗ-ਅਲੱਗ ਪਲਾਂਟਾਂ ਤੋਂ ਭਾਰਤੀ ਫੌਜ ਨੂੰ ਦੁੱਧ ਅਤੇ ਦੁੱਧ ਤੋਂ ਬਣੇ ਉਤਪਾਦ ਸਪਲਾਈ ਹੁੰਦੇ ਹਨ। ਦੁੱਧ ਦਾ ਪਾਊਡਰ ਸਭ ਤੋਂ ਵੱਧ ਲੁਧਿਆਣਾ ਪਲਾਂਟ ਤੋਂ ਹੀ ਸਪਲਾਈ ਹੁੰਦਾ ਹੈ। ਬਠਿੰਡਾ ਪਲਾਂਟ ਤੋਂ ਫੌਜੀ ਛਾਉਣੀ ਨੂੰ ਦੁੱਧ-ਦਹੀਂ ਤੇ ਮੱਖਣ ਆਦਿ ਦੀ ਸਪਲਾਈ ਹੁੰਦੀ ਹੈ। ਅੰਮ੍ਰਿਤਸਰ ਪਲਾਂਟ ਤੋਂ ਘਿਓ ਆਦਿ ਦੀ ਸਪਲਾਈ ਹੁੰਦੀ ਹੈ। ਮਿਲਕਫੈੱਡ ਦੇ ਮੈਨੇਜਿੰਗ ਡਾਇਰੈਕਟਰ ਰਾਹੁਲ ਗੁਪਤਾ ਦਾ ਕਹਿਣਾ ਸੀ ਕਿ ਮਿਲਕਫੈੱਡ ਦੇਸ਼ ਭਰ ਦੇ ਚੰਗੇ ਅਦਾਰਿਆਂ 'ਚੋਂ ਹੈ ਅਤੇ ਅਦਾਰੇ ਵੱਲੋਂ ਦੁੱਧ ਉਤਪਾਦਾਂ ਦੀ ਗੁਣਵੱਤਾ ਨੂੰ ਤਰਜੀਹ ਦਿੱਤੀ ਜਾਂਦੀ ਹੈ। ਉਨ੍ਹਾ ਕਿਹਾ ਕਿ ਭਾਰਤੀ ਫੌਜ ਵੱਲੋਂ ਦੁੱਧ ਦੇ ਪਾਊਡਰ ਨੂੰ ਕਿਉਂ ਰੱਦ ਕੀਤਾ ਗਿਆ ਹੈ, ਉਸ ਬਾਰੇ ਪਤਾ ਲਗਾਉਣ ਲਈ ਇੱਕ ਤੱਥ ਖੋਜ ਕਮੇਟੀ ਦਾ ਗਠਨ ਕਰ ਰਹੇ ਹਾਂ।

# ਪੰਜਾਬ ਸਰਕਾਰ ਨੇ ਮਹਿਲਾਵਾਂ ਦੀ ਸਿਹਤ ਤੇ ਸਨਮਾਨ ਲਈ 127.95 ਕਰੋੜ ਸਿੱਧੇ ਖਾਤਿਆਂ 'ਚ ਜਾਰੀ ਕੀਤੇ : ਚੇਅਰਮੈਨ ਸੰਧੂ

**ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਮਹਿਲਾਵਾਂ ਦੀ ਭਲਾਈ ਅਤੇ ਸਸ਼ਕਤੀਕਰਨ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਪਹਿਲੀ ਤਰਜੀਹ ਹੈ ਅਤੇ



ਪੰਜਾਬ ਸਰਕਾਰ ਵੱਲੋਂ ਗਰਭਵਤੀ ਮਹਿਲਾਵਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਦੀ ਸਿਹਤ ਅਤੇ ਭਲਾਈ ਨੂੰ ਯਕੀਨੀ ਬਣਾਉਣ ਲਈ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਅੰਮ੍ਰਿਤਸਰ ਦੇ ਚੇਅਰਮੈਨ ਗੁਰਪ੍ਰਤਾਪ ਸਿੰਘ ਸੰਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿੱਤੀ ਸਾਲ 2023-24 ਤੋਂ 2025-26 ਤੱਕ 127.95 ਕਰੋੜ ਰੁਪਏ ਦੀ ਰਕਮ ਡਾਇਰੈਕਟ ਬੈਨੀਫਿਟ ਟ੍ਰਾਂਸਫਰ (ਡੀ.ਬੀ.ਟੀ) ਰਾਹੀਂ ਸਿੱਧੇ ਮਹਿਲਾਵਾਂ ਦੇ ਬੈਂਕ ਖਾਤਿਆਂ ਵਿੱਚ ਜਾਰੀ ਕੀਤੀ ਗਈ ਹੈ, ਜਿਸ ਨਾਲ ਮਹਿਲਾਵਾਂ ਨੂੰ ਬਿਨਾਂ ਕਿਸੇ ਦਿੱਕਤ ਦੇ ਸਹਾਇਤਾ ਪ੍ਰਾਪਤ ਹੋਈ ਹੈ।ਚੇਅਰਮੈਨ ਸੰਧੂ ਨੇ ਦੱਸਿਆ ਕਿ ਇਸ ਮਿਆਦ ਦੌਰਾਨ 2.89 ਲੱਖ ਤੋਂ ਵੱਧ ਮਹਿਲਾਵਾਂ ਨੂੰ ਇਸ ਵਿੱਤੀ ਸਹਾਇਤਾ ਪਹਿਲਕਦਮੀ ਦਾ ਲਾਭ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਹ ਸਹਾਇਤਾ ਸਿਰਫ ਆਰਥਿਕ ਮਦਦ ਨਹੀਂ, ਸਗੋਂ ਮਾਵਾਂ ਅਤੇ ਨਵਜਨਮੇ ਬੱਚਿਆਂ ਦੀ ਸਿਹਤ ਲਈ ਇਕ ਮਜ਼ਬੂਤ ਸੁਰੱਖਿਆ ਕਵਚ ਹੈ।ਚੇਅਰਮੈਨ ਸੰਧੂ ਨੇ ਇਸ ਵਿੱਤੀ ਸਹਾਇਤਾ ਪਹਿਲਕਦਮੀ ਦੇ ਤਹਿਤ ਪਹਿਲੇ ਬੱਚੇ ਲਈ ਮਹਿਲਾਵਾਂ ਨੂੰ ਦੋ ਕਿਸ਼ਤਾਂ (3000+2000 ਰੁਪਏ) ਰਾਹੀਂ ਕੁੱਲ 5000 ਰੁਪਏ ਦੀ ਰਕਮ ਡੀ.ਬੀ.ਟੀ ਦੇ ਜ਼ਰੀਏ ਸਿੱਧੀ ਉਨ੍ਹਾਂ ਦੇ ਖਾਤਿਆਂ ਵਿੱਚ ਜਾਰੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਜੇਕਰ ਦੂਜਾ ਬੱਚਾ ਲੜਕੀ ਹੋਵੇ, ਤਾਂ ਮਹਿਲਾ ਲਾਭਪਾਤਰੀ ਨੂੰ ਇੱਕ ਮੁਸ਼ਤ 6000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਜੋ ਧੀ ਦੇ ਜਨਮ ਨੂੰ ਪ੍ਰੋਤਸਾਹਿਤ ਕਰਨ ਵੱਲ ਇੱਕ ਅਹਿਮ ਕਦਮ ਹੈ।ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਵੱਧ ਤੋਂ ਵੱਧ ਮਹਿਲਾਵਾਂ ਨੂੰ ਇਸ ਪਹਿਲਕਦਮੀ ਨਾਲ ਜੋੜਨ ਲਈ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

# ਕਟਾਰੂ ਚੱਕ ਵੱਲੋਂ 30 ਪਿੰਡਾਂ 'ਚ ਬਣਾਏ ਜਾ ਰਹੇ ਖੇਡ ਮੈਦਾਨਾਂ ਦਾ ਨਿਰੀਖਣ

**ਪਠਾਨਕੋਟ (ਦਵਿੰਦਰ ਸਿੰਘ)**- ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਪ੍ਰੋਤਸਾਹਨ ਦੇਣ ਲਈ ਚੱਲ ਰਹੀਆਂ ਵਿਕਾਸ ਯੋਜਨਾਵਾਂ ਤਹਿਤ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਸਵੇਰ ਤੋਂ ਵਿਧਾਨ ਸਭਾ ਹਲਕਾ ਭੋਆ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਦੇ ਹੋਏ ਖੇਡ ਗਰਾਊਂਡਾਂ ਦੇ ਨਿਰਮਾਣ ਕਾਰਜਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਅਸ਼ਵਨੀ ਕੁਮਾਰ ਮੈਂਬਰ ਜ਼ਿਲ੍ਹਾ ਪਰਿਸ਼ਦ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਅਤੇ ਹੋਰ ਆਮ ਆਦਮੀ ਪਾਰਟੀ



ਦੇ ਕਾਰਜਕਰਤਾ ਅਤੇ ਅਹੁਦੇਦਾਰ ਹਾਜ਼ਰ ਸਨ। ਖੇਡ ਗਰਾਊਂਡਾਂ ਦਾ ਨਿਰੀਖਣ ਕਰਨ ਮਗਰੋਂ ਪਿੰਡ ਗੋਬਿੰਦਸਰ ਵਿਖੇ ਜਾਣਕਾਰੀ ਦਿੰਦਿਆਂ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਭੋਆ ਦੇ ਕਰੀਬ 30 ਪਿੰਡਾਂ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਖੇਡ ਗਰਾਊਂਡ ਤਿਆਰ ਕੀਤੇ ਜਾ ਰਹੇ ਹਨ, ਜਿਨ੍ਹਾਂ ਲਈ ਲਗਭਗ 10 ਕਰੋੜ ਰੁਪਏ ਦੀ ਰਕਮ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜਾਰੀ ਕੀਤੀ ਜਾ ਚੁੱਕੀ ਹੈ।ਮੰਤਰੀ ਕਟਾਰੂਚੱਕ ਨੇ ਆਪਣੇ ਦੌਰੇ ਦੌਰਾਨ ਐਮਾਂ ਗੁਜਰਾਂ, ਰਾਜਪੁਰਾ ਅਤੇ ਗੋਬਿੰਦਸਰ ਸਮੇਤ ਕਈ ਪਿੰਡਾਂ ਵਿੱਚ ਚੱਲ ਰਹੇ ਖੇਡ ਗਰਾਊਂਡਾਂ ਦੇ ਨਿਰਮਾਣ ਕਾਰਜਾਂ ਦੀ ਨਿਗਰਾਨੀ ਕੀਤੀ। ਉਨ੍ਹਾਂ ਕਿਹਾ ਕਿ ਐਮਾਂ ਗੁਜਰਾਂ ਵਿੱਚ ਇੱਕ ਸ਼ਾਨਦਾਰ ਅਤੇ ਵਿਸ਼ਾਲ ਖੇਡ ਮੈਦਾਨ ਤਿਆਰ ਕੀਤਾ ਜਾ ਰਿਹਾ ਹੈ ਜੋ ਆਉਣ ਵਾਲੇ ਸਮੇਂ ਵਿੱਚ ਖਿਡਾਰੀਆਂ ਲਈ ਪ੍ਰੇਰਨਾ ਦਾ ਕੇਂਦਰ ਬਣੇਗਾ। ਇਸੇ ਤਰ੍ਹਾਂ ਹੋਰ ਪਿੰਡਾਂ ਵਿੱਚ ਵੀ ਕੰਮ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ।ਉਨ੍ਹਾਂ ਨੇ ਖਾਸ ਤੌਰ 'ਤੇ ਪਿੰਡ ਗੋਬਿੰਦਸਰ ਵਿਖੇ ਬਣ ਰਹੇ ਖੇਡ ਗਰਾਊਂਡ ਦਾ ਜਾਇਜ਼ਾ ਲੈਂਦੇ ਹੋਏ ਦੱਸਿਆ ਕਿ ਖੇਡ ਗਰਾਊਂਡ ਦੀ ਫੈਂਸਿੰਗ ਦਾ ਕੰਮ ਪੂਰਾ ਹੋ ਚੁੱਕਾ ਹੈ। ਇਸ ਤੋਂ ਇਲਾਵਾ ਮੈਦਾਨ ਵਿੱਚ ਵਾਲੀਬਾਲ ਕੋਰਟ ਤਿਆਰ ਕੀਤਾ ਗਿਆ ਹੈ ਅਤੇ ਹਾਕੀ ਟਰੈਕ ਦਾ ਨਿਰਮਾਣ ਜਾਰੀ ਹੈ। ਉਨ੍ਹਾਂ ਨੇ ਕਿਹਾ ਕਿ ਜਲਦ ਹੀ ਉਥੇ ਹਾਈ ਮਾਸਟ ਲਾਈਟਾਂ ਅਤੇ ਦੌੜ ਟਰੈਕ ਵੀ ਬਣਾਏ ਜਾਣਗੇ।ਮੰਤਰੀ ਨੇ ਦੱਸਿਆ ਕਿ ਵਧੀਆ ਗੁਣਵੱਤਾ ਵਾਲੇ ਪਖਾਨਿਆਂ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਪੀਣ ਵਾਲੇ ਸਾਫ ਪਾਣੀ ਲਈ ਕਰੀਬ 250 ਫੁੱਟ ਡੂੰਘਾ ਡੀਪ ਬੋਰ ਵੀ ਕਰਵਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਰਾਜ ਭਰ ਵਿੱਚ ਆਧੁਨਿਕ ਖੇਡ ਢਾਂਚਾ ਤਿਆਰ ਕੀਤਾ ਜਾ ਰਿਹਾ ਹੈ। ਪੰਜਾਬ ਨੂੰ ਆਉਣ ਵਾਲੇ ਸਮੇਂ ਵਿੱਚ ਏਸ਼ੀਅਨ ਹਾਕੀ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਣਾ ਸੂਬੇ ਲਈ ਮਾਣ ਵਾਲੀ ਗੱਲ ਹੈ, ਜਿਸ ਨਾਲ ਖਿਡਾਰੀਆਂ ਨੂੰ ਆਪਣਾ ਹੁਨਰ ਦਿਖਾਉਣ ਲਈ ਵੱਡਾ ਮੰਚ ਮਿਲੇਗਾ।ਉਨ੍ਹਾਂ ਨੇ ਭਰੋਸਾ ਜਤਾਇਆ ਕਿ ਜਲਦ ਹੀ ਇਹ ਸਾਰੇ ਖੇਡ ਗਰਾਊਂਡ ਪੂਰੀ ਤਰ੍ਹਾਂ ਤਿਆਰ ਹੋ ਕੇ ਖਿਡਾਰੀਆਂ ਲਈ ਖੋਲ੍ਹੇ ਜਾਣਗੇ।

# ਭੁੱਲਰ ਦੇ ਪੀ ਏ ਤੇ ਪਿਤਾ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਕੇਸ ਦੀ ਸੀ ਬੀ ਆਈ ਜਾਂਚ ਹੋਵੇ : ਧਾਰੀਵਾਲ

**ਪੱਟੀ, (ਬਲਦੇਵ ਸਿੰਘ ਸੰਧੂ)**- ਬੀਤੇ ਦਿਨੀਂ ਵੇਅਰਹਾਊਸ ਦੇ ਡੀ ਐਮ ਗਗਨਦੀਪ ਸਿੰਘ ਰੰਧਾਵਾ ਦੇ ਖ਼ੁਦਕੁਸ਼ੀ ਮਾਮਲੇ ਸਬੰਧੀ ਵਿਧਾਨ ਸਭਾ ਹਲਕਾ ਪੱਟੀ ਤੋਂ ਸ਼੍ਰੋਮਣੀ ਅਕਾਲੀ ਬਾਦਲ ਦੇ ਸੀਨੀਅਰ ਆਗੂ ਹਰਬੀਰ ਸਿੰਘ ਧਾਰੀਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸਾਬਕਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ ਪਰ ਪੀ ਏ ਦਿਲਬਾਗ ਸਿੰਘ ਤੇ ਮੰਤਰੀ ਦਾ ਪਿਤਾ ਸੁਖਦੇਵ ਸਿੰਘ ਸਮੇਤ ਅਣਪਛਾਤੇ ਵਿਅਕਤੀ ਅਜੇ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹਨ। ਉਹਨਾ ਕੇਸ ਦੀ ਸੀ ਬੀ ਆਈ ਜਾਂਚ ਦੀ ਮੰਗ ਕਰਦਿਆਂ ਆਖਿਆ ਕਿ ਜੇਕਰ ਰੰਧਾਵਾ ਮਾਮਲੇ ਦੀ ਸੀ ਬੀ ਆਈ ਜਾਂਚ ਹੁੰਦੀ ਤਾਂ ਇਸ ਦੇ ਤਾਰ ਦਿੱਲੀ ਤੱਕ ਜੁੜੇ ਸਾਹਮਣੇ ਆਉਣਗੇ। ਧਾਰੀਵਾਲ ਨੇ ਆਖਿਆ ਕਿ ਡੀ ਐਮ ਰੰਧਾਵਾ ਨੇ ਆਪਣੀ ਵੀਡਿਉ ਵਿਚ ਸਾਬਕਾ ਕੈਬਨਿਟ ਮੰਤਰੀ ਦੇ ਗੈਗਸਟਰਾਂ ਨਾਲ ਸਬੰਧ ਹੋਣ ਦੀ ਗੱਲ ਆਖੀ ਸੀ। ਕਿਉਂਕਿ ਭੁੱਲਰ ਨੇ ਪੱਟੀ ਹਲਕੇ ਸਮੇਤ ਸੂਬੇ ਭਰ ਅੰਦਰ ਪੂਰੀ ਲੁੱਟ ਮਚਾਈ ਸੀ।ਭੁੱਲਰ ਦੇ ਪਰਵਾਰ ਸਮੇਤ ਝਾੜੂ ਸਮਰਥਕਾਂ ਵੱਲੋਂ ਰੰਧਾਵਾ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਨ ਦੀ ਬਜਾਏ ਪੁੱਠੇ ਸਿੱਧੇ ਬਿਆਨ ਦੇ ਕੇ ਪੀੜਤ ਪਰਵਾਰ ਦੇ ਜ਼ਖ਼ਮਾਂ ਦੇ ਲੂਣ ਪਾਇਆ ਜਾ ਰਿਹਾ ਹੈ।ਹਰਬੀਰ ਸਿੰਘ ਨੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਰੰਧਾਵਾ ਕੇਸ ਸੀ ਬੀ ਆਈ ਤੋਂ ਜਾਂਚ ਕਰਵਾਈ ਜਾਵੇ ਤਾਂ ਸਾਰਾ ਸੱਚ ਸਾਹਮਣੇ ਆਵੇਗਾ ਕਿ ਲਾਲਜੀਤ ਸਿੰਘ ਭੁੱਲਰ ਵੱਲੋਂ ਕਿੰਨੀ ਜਾਇਦਾਦ ਗੈਰਕਾਨੂੰਨੀ ਕਮਾਈ ਨਾਲ ਬਣਾਈ ਹੈ ਅਤੇ ਕਿਹੜੇ ਕਿਹੜੇ ਗੈਗਸਟਰਾਂ ਨਾਲ ਸਬੰਧ ਹਨ।



ਸਾਬਕਾ ਮੰਤਰੀ ਦੇ ਕਾਲੇ ਕਾਰਨਾਮਿਆ ਨਾਲ ਇਸ ਦੇ ਨਾਲ ਹੋਰ ਕੌਣ ਕੌਣ ਸ਼ਾਮਲ ਹੈ ਅਤੇ ਪੀ ਏ ਦਿਲਬਾਗ ਸਿੰਘ ਤੇ ਲਾਲਜੀਤ ਸਿੰਘ ਦੇ ਪਿਤਾ ਸੁਖਦੇਵ ਸਿੰਘ ਸਮੇਤ ਐਫ.ਆਈ.ਆਰ 'ਚ ਦਰਜ ਅਣਪਛਾਤੇ ਵਿਅਕਤੀਆਂ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕਰਕੇ ਰੰਧਾਵਾ ਪਰਵਾਰ ਨਾਲ ਇਨਸਾਫ ਕੀਤਾ ਜਾਵੇ।

# ਐਸੋਸੀਏਟ ਅਧਿਆਪਕ ਯੂਨੀਅਨ ਨੇ ਡਿਪਟੀ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ



**ਪਠਾਨਕੋਟ (ਦਵਿੰਦਰ ਸਿੰਘ)**- ਐਸੋਸੀਏਟ ਅਧਿਆਪਕ ਯੂਨੀਅਨ ਦਾ ਇੱਕ ਵਫ਼ਦ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਡਿਪਟੀ ਕਮਿਸ਼ਨਰ ਪਠਾਨਕੋਟ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਮੰਗ ਪੱਤਰ ਦਿੱਤਾ। ਐਸੋਸੀਏਟ ਅਧਿਆਪਕ ਯੂਨੀਅਨ ਦੇ ਪ੍ਰਧਾਨ ਮੁਨੀਸ਼, ਉਪ ਪ੍ਰਧਾਨ ਸ਼ਾਮ ਲਾਲ ਅਤੇ ਜ਼ਿਲ੍ਹਾ ਖਜ਼ਾਨਚੀ ਅਜੇ ਕੁਮਾਰ ਨੇ ਦੱਸਿਆ ਕਿ ਉਹ ਸਿੱਖਿਆ ਵਿਭਾਗ ਵਿੱਚ ਪਿਛਲੇ 20 ਸਾਲਾਂ ਤੋਂ ਵੱਧ ਸਮੇਂ ਤੋਂ ਸੇਵਾਵਾਂ ਨਿਭਾ ਰਹੇ ਹਨ ਪਰ ਅਜੇ ਤੱਕ ਵੀ ਉਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ। ਸਾਡੇ ਕੋਲੋਂ ਇੱਕ ਰੈਗੂਲਰ ਅਧਿਆਪਕਾਂ ਦੇ ਬਰਾਬਰ ਕੰਮ ਲਿਆ ਜਾਂਦਾ ਹੈ ਪਰ ਉਸ ਦੇ ਬਦਲੇ ਸਾਨੂੰ ਨਾ ਤਾਂ ਪੂਰੀ ਤਨਖਾਹ ਦਿੱਤੀ ਜਾਂਦੀ ਹੈ ਅਤੇ ਨਾ ਹੀ ਕੋਈ ਵਿੱਤੀ ਲਾਭ ਦਿੱਤਾ ਜਾਂਦਾ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੱਚੇ ਅਧਿਆਪਕਾਂ ਦੀ ਬੀ ਐਲ ਓ ਵਜੋਂ ਡਿਊਟੀ ਲਗਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਬੇਨਤੀ ਕਰਦੇ ਹਾਂ ਕਿ ਸਰਕਾਰ ਪਹਿਲਾਂ ਸਾਨੂੰ ਰੈਗੂਲਰ ਅਧਿਆਪਕਾਂ ਦੇ ਸਾਰੇ ਵਿੱਤੀ ਲਾਭ ਅਤੇ ਪੂਰੀ ਤਨਖਾਹ ਦੇਵੇ। ਉਨ੍ਹਾਂ ਮੰਗ ਕੀਤੀ ਕਿ ਕਿਰਪਾ ਕਰਕੇ ਸਾਡੇ ਜ਼ਿਲ੍ਹੇ ਵਿੱਚ ਜਿੰਨੇ ਵੀ ਕੱਚੇ ਅਧਿਆਪਕ ਹਨ ਉਨ੍ਹਾਂ ਦੀ ਬੀ ਐਲ ਓ ਡਿਊਟੀ ਨਾ ਲਗਾਈ ਜਾਵੇ।

# ਚੇਅਰਮੈਨ ਰਣਜੀਤ ਸਿੰਘ ਰਾਣਾ ਤੇ ਵਾਈਸ ਚੇਅਰਪਰਸਨ ਲਖਵਿੰਦਰ ਕੌਰ ਨੇ ਅਹੁਦਾ ਸੰਭਾਲਿਆ

**ਗੁਰਦਾਸਪੁਰ, (ਦਿਨੇਸ਼ ਕੁਮਾਰ )** ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ ਦੀ ਮੌਜੂਦਗੀ ਵਿੱਚਗੁਰਦਾਸਪੁਰ ਬਲਾਕ ਸੰਮਤੀ ਦੇ ਸਰਬਸੰਮਤੀ ਨਾਲ ਚੁਣੇ ਗਏ ਰਣਜੀਤ ਸਿੰਘ ਰਾਣਾ, ਪਿੰਡ ਬੱਬਰੀ ਨੇ ਚੇਅਰਮੈਨ ਵਜੋਂ ਅਤੇ ਵਾਈਸ ਚੇਅਰਪਰਸਨ ਲਈ ਚੁਣੇ ਗਏ ਲਖਵਿੰਦਰ ਕੌਰ ਪਿੰਡ ਰੰਗੜਵਾਲੀ ਨੇ ਅਹੁਦਾ ਸੰਭਾਲ ਲਿਆ। ਇਸ ਮੌਕੇ ਗੁਰਦਾਸਪੁਰ ਬਲਾਕ ਸੰਮਤੀ ਦੇ ਨਵ-ਨਿਯੁਕਤ ਚੇਅਰਮੈਨ ਰਣਜੀਤ ਸਿੰਘ ਰਾਣਾ ਅਤੇ ਵਾਈਸ ਚੇਅਰਪਰਸਨ ਲਖਵਿੰਦਰ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਰਮਨ ਬਹਿਲ ਨੇ ਕਿਹਾ ਕਿ ਆਪ ਪਾਰਟੀ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਹੋਰ ਮਜ਼ਬੂਤ ਹੋਈ ਹੈ, ਜਿਸ ਨਾਲ ਲੋਕ ਭਲਾਈ ਵਿਕਾਸ ਕਾਰਜਾਂ ਨੂੰ ਹੋਰ ਤੇਜ਼ ਗਤੀ ਮਿਲੇਗੀ। ਰਮਨ ਬਹਿਲ ਨੇ ਕਿਹਾ ਕਿ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਹਰੇਕ ਵਰਗ ਦੇ ਹਿੱਤ ਲਈ ਵਿਕਾਸ ਕੰਮ ਕੀਤੇ ਜਾ ਰਹੇ ਹਨ। ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਸਰਕਾਰ ਵਲੋਂ ਕੀਤੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਿੱਖਿਆ ਦਾ ਮਿਆਰ ਹੋਰ ਉੱਚਾ ਚੁੱਕਣ ਦੇ ਮੰਤਵ ਤਹਿਤ 'ਸਕੂਲ ਆਫ



ਐਮੀਨੈਂਸ' ਖੋਲ੍ਹੇ ਗਏ ਹਨ। ਲੋਕਾਂ ਨੂੰ 600 ਯੂਨਿਟ ਬਿਜਲੀ ਮੁਫਤ ਮੁਹੱਈਆ ਕਰਵਾਈ ਗਈ ਹੈ। ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਲਾਗੂ ਕੀਤੀ ਗਈ ਹੈ, ਜਿਸ ਤਹਿਤ 1000 ਰੁਪਏ ਤੇ 1500 ਰੁਪਏ ਮੁਹੱਈਆ ਕਰਵਾਏ ਗਏ ਹਨ। ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪੰਜਾਬ ਦੇ ਹਰ ਵਸਨੀਕ ਨੂੰ 10 ਲੱਖ ਰੁਪਏ ਕੈਸ਼ਲੈੱਸ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ ਵੱਖ-ਵੱਖ ਰਿਕਾਰਡ ਵਿਕਾਸ ਕਾਰਜ ਕਰਵਾਏ ਗਏ ਹਨ। ਇਸ ਮੌਕੇ ਰਮਨ ਬਹਿਲ ਨੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਦੱਸਿਆ ਕਿ ਪਿੰਡਾਂ ਅੰਦਰ ਸੜਕਾਂ ਦਾ ਜਾਲ ਵਿਛਾਇਆ ਗਿਆ ਹੈ। ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ। ਪਿੰਡਾਂ ਅੰਦਰ ਗਲੀਆਂ ਅਤੇ ਗੰਦੇ ਪਾਣੀ ਦੇ ਨਿਕਾਸੀ ਲਈ ਕੰਮ ਕੀਤਾ ਗਿਆ ਹੈ। ਪਾਰਕਾਂ ਦੀ ਉਸਾਰੀ ਕਰਵਾਈ ਗਈ ਹੈ ਅਤੇ ਵੱਖ-ਵੱਖ ਵਿਕਾਸ ਕਾਰਜ ਜਾਰੀ ਹਨ। ਗੁਰਦਾਸਪੁਰ ਸ਼ਹਿਰ ਅੰਦਰ ਕਰੋੜਾਂ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਨਿਰੰਤਰ ਜਾਰੀ ਹਨ। ਇਸ ਮੌਕੇ ਚੇਅਰਮੈਨ ਰਣਜੀਤ ਸਿੰਘ ਰਾਣਾ ਅਤੇ ਵਾਈਸ ਚੇਅਰਪਰਸਨ ਲਖਵਿੰਦਰ ਕੌਰ ਨੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਜੋ ਜ਼ਿੰਮੇਵਾਰੀ ਸੌਂਪੀ ਗਈ, ਉਸ ਨੂੰ ਪੂਰੀ ਮਿਹਨਤ ਤੇ ਲਗਨ ਨਿਭਾਉਣਗੇ।

# ਕੋਹਾੜਕਾ ਵਿਖੇ ਬ੍ਰਹਮਪੁਰਾ ਵੱਲੋਂ ਅਕਾਲੀ ਵਰਕਰ ਮਿਲਣੀ



**ਖਡੂਰ ਸਾਹਿਬ (ਸਰਬਜੀਤ ਸਿੰਘ ਸੰਧਾ)**- ਵਿਧਾਨ ਸਭਾ ਹਲਕਾ ਸ੍ਰੀ ਖਡੂਰ ਸਾਹਿਬ ਦੇ ਪਿੰਡ ਕੋਹਾੜਕਾ ਵਿਖੇ ਸਾਬਕਾ ਸਰਪੰਚ ਸੁਰਜਨ ਸਿੰਘ ਦੇ ਗ੍ਰਹਿ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਅਹਿਮ ਵਰਕਰ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਹਲਕਾ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਵੱਲੋਂ ਵਰਕਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਨੂੰ ਹਰ ਪੱਖੋਂ ਮਜ਼ਬੂਤ ਕਰਨ ਲਈ ਰਣਨੀਤੀਆਂ 'ਤੇ ਵਿਚਾਰ ਚਰਚਾ ਕੀਤੀ ਗਈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਲੋਕਾਂ ਦੇ ਹੱਕਾਂ ਲਈ ਲੜਦਾ ਆਇਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਲਈ ਵਰਕਰਾਂ ਦੀ ਭੂਮਿਕਾ ਬਹੁਤ ਅਹਿਮ ਰਹੇਗੀ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਪਿੰਡ ਪੱਧਰ 'ਤੇ ਇਕਜੁੱਟ ਹੋ ਕੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ।ਇਸ ਦੌਰਾਨ ਚੇਅਰਮੈਨ ਗੁਰਸੇਵਕ ਸਿੰਘ ਸ਼ੇਖ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਜੇਕਰ ਉਹ ਦ੍ਰਿੜਤਾ ਨਾਲ ਮੈਦਾਨ ਵਿੱਚ ਉਤਰਨ, ਤਾਂ ਕੋਈ ਵੀ ਤਾਕਤ ਅਕਾਲੀ ਦਲ ਨੂੰ ਅੱਗੇ ਵਧਣ ਤੋਂ ਰੋਕ ਨਹੀਂ ਸਕਦੀ। ਉਨ੍ਹਾਂ ਵਰਕਰਾਂ ਨੂੰ ਤਕੜੇ ਹੋ ਕੇ ਪਾਰਟੀ ਨਾਲ ਖੜ੍ਹਨ ਦੀ ਅਪੀਲ ਕੀਤੀ।ਇਸ ਮੌਕੇ ਹੋਰਨਾਂ ਦੇ ਨਾਲ ਗੁਰਵਿੰਦਰ ਸਿੰਘ ਕਥਾ ਵਾਚਕ, ਨਿਗੁਨ ਸਿੰਘ, ਦਿਲਬਾਗ਼ ਸਿੰਘ, ਸਤਨਾਮ ਸਿੰਘ, ਜਗਰੂਪ ਸਿੰਘ, ਸਰਵਣ ਸਿੰਘ ਸਾਬਕਾ ਸਰਪੰਚ, ਪਰਮਜੀਤ ਸਿੰਘ, ਨੱਥਾ ਸਿੰਘ, ਬਿਕਰਮਜੀਤ ਸਿੰਘ, ਸੋਣਾ ਦਰਜੀ, ਕਾਹਨ ਸਿੰਘ ਬਿਜਲੀ ਵਾਲਾ, ਬਲਜੀਤ ਸਿੰਘ, ਸੁਰਿੰਦਰ ਸਿੰਘ ਸਾਬਕਾ ਸਰਪੰਚ, ਅਮਰੀਕ ਸਿੰਘ (ਸਾਬਕਾ ਮੈਂਬਰ ਪੰਚਾਇਤ), ਅਮਰਜੀਤ ਸਿੰਘ, ਸੁੱਖਾ ਸਿੰਘ ਆਦਿ ਵੀ ਹਾਜ਼ਰ ਸਨ।

# ਪੱਡਾ ਦੇ ਸਰਪੰਚ ਦਾ ਭਰਾ ਸੁਖਰਾਜ ਸਿੰਘ ਕਾਕਾ ਗੋਲੀਆਂ ਲੱਗਣ ਨਾਲ ਜ਼ਖ਼ਮੀ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਹਲਕਾ ਡੇਰਾ ਬਾਬਾ ਨਾਨਕ ਦੇ ਐਮ ਐਲ ਏ ਗੁਰਦੀਪ ਸਿੰਘ ਰੰਧਾਵਾ ਦੇ ਪਿੰਡ ਅਧੀਨ ਪੈਂਦੇ ਪਿੰਡ ਪੱਡਾ ਦੇ ਮੌਜੂਦਾ ਸਰਪੰਚ ਨਵਦੀਪ ਸਿੰਘ ਨਵ ਪੱਡਾ ਦੇ ਛੋਟੇ ਭਰਾ ਸੁਖਰਾਜ ਸਿੰਘ ਕਾਕਾ ਪੱਡਾ ਉਪਰ ਕੁੱਝ ਵਿਅਕਤੀਆਂ ਵੱਲੋਂ ਪਿੰਡ ਸ਼ਾਹਪੁਰ 'ਚ ਫਾਇਰਿੰਗ ਕੀਤੀ ਗਈ



ਜਿਸ ਨਾਲ ਕਾਕਾ ਜ਼ਖ਼ਮੀ ਹੋ ਗਿਆ ਜਿਸ ਨੂੰ ਫਤਿਹਗੜ੍ਹ ਚੂੜੀਆਂ ਦੇ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਜਿਸ ਨੂੰ ਡਾਕਟਰਾਂ ਸ੍ਰੀ ਗੁਰੂ ਨਾਨਕ ਹਸਪਤਾਲ ਰੈਫਰ ਕਰ ਦਿੱਤਾ। ਜ਼ਖਮੀ ਹੋਏ ਸੁਖਰਾਜ ਸਿੰਘ ਕਾਕਾ, ਉਸ ਦੇ ਭਰਾ ਨਵਦੀਪ ਸਿੰਘ ਨਵ, ਮਾਤਾ ਕੁਲਵਿੰਦਰ ਕੌਰ, ਜੀਜਾ ਬਲਵਿੰਦਰ ਸਿੰਘ, ਚਾਚੇ ਦੇ ਪੁੱਤ, ਪਿੰਡ ਵਾਸੀ ਮਨਹੋਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੁਖਰਾਜ ਸਿੰਘ ਕਾਕਾ ਆਪਣੇ ਪਿੰਡ ਪੱਡੇ ਤੋਂ ਨਜ਼ਦੀਕੀ ਪਿੰਡ ਸ਼ਾਹਪੁਰ ਜਾਜਨ ਕਿਸੇ ਕੰਮ ਲਈ ਗਿਆ ਸੀ ਅਤੇ ਜਿੱਥੇ ਪਹਿਲਾਂ ਹੀ 4 ਨੌਜਵਾਨ ਮੂੰਹ ਬੰਨ੍ਹ ਕੇ ਉਡੀਕ ਰਹੇ ਸਨ ਅਤੇ ਨਜ਼ਦੀਕ ਆਉਣ 'ਤੇ ਉਨ੍ਹਾਂ ਕਾਕੇ ਉਪਰ ਫਾਇਰਿੰਗ ਸ਼ੁਰੂ ਕਰ ਦਿੱਤੀ ਜਿਸ ਨਾਲ ਉਸ ਦੀ ਬਾਂਹ ਅਤੇ ਲੱਕ ਵਿਚ ਗੋਲੀਆਂ ਲੱਗੀਆਂ ਜਿਸ ਨਾਲ ਉਹ ਜ਼ਖਮੀ ਹੋ ਗਿਆ ਅਤੇ ਇਲਾਜ ਲਈ ਫਤਿਹਗੜ੍ਹ ਚੂੜੀਆਂ ਸਰਕਾਰੀ ਹਸਪਤਾਲ ਲਿਆਂਦਾ ਜਿੱਥੇ ਡਾਕਟਰਾਂ ਨੇ ਉਸ ਨੂੰ ਅੰਮ੍ਰਿਤਸਰ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ। ਜ਼ਖਮੀ ਕਾਕਾ ਅਤੇ ਉਸ ਦੀ ਮਾਤਾ ਅਤੇ ਪਰਵਾਰਕ ਮੈਂਬਰਾਂ ਨੇ ਜਲਦ ਕਾਰਵਾਈ ਦੀ ਮੰਗ ਕੀਤੀ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਬਟਾਲਾ ਦੇ ਐਸ ਐਸ ਪੀ ਡਾ. ਮਹਿਤਾਪ ਸਿੰਘ ਪਿੰਡ ਸ਼ਾਹਪੁਰ ਪਹੁੰਚ ਗਏ ਅਤੇ ਸਾਰੀ ਘਟਨਾ ਦਾ ਜਾਇਜ਼ਾ ਲੈਂਦੇ ਹੋਏ ਕਿਹਾ ਕਿ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਜਲਦੀ ਹੀ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ।ਇਸ ਸਬੰਧੀ ਜਦ ਸਰਕਾਰੀ ਹਸਪਤਾਲ ਫਤਿਹਗੜ੍ਹ ਚੂੜੀਆਂ ਦੇ ਡਾ ਮਨਦੀਪ ਸਿੰਘ ਨਾਲ ਗੱਲ ਕੀਤੀ ਤਾਂ ਉਨਾਂ ਦੱਸਿਆ ਕਿ ਪਿੰਡ ਪੱਡੇ ਤੋਂ ਸੁਖਰਾਜ ਸਿੰਘ ਕਾਕਾ ਨੌਜਵਾਨ ਆਇਆ ਸੀ ਜਿਸ ਦੇ ਲੱਕ ਅਤੇ ਬਾਂਹ ਵਿਚ ਗੋਲੀ ਲੱਗੀ ਹੈ ਜਿਸ ਅੰਮ੍ਰਿਸਰ ਰੈਫਰ ਕਰ ਦਿੱਤਾ ਗਿਆ ਹੈ।

# ਖ਼ਾਲਸਾ ਯੂਨੀਵਰਸਿਟੀ ਨੇ 'ਮੀਡੀਆ ਮੇਲਾ-2026' ਕਰਵਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਖ਼ਾਲਸਾ ਯੂਨੀਵਰਸਿਟੀ ਵੱਲੋਂ ਖ਼ਾਲਸਾ ਕਾਲਜ ਦੇ ਜਰਨਲਿਜ਼ਮ ਵਿਭਾਗ ਦੇ ਸਹਿਯੋਗ ਨਾਲ 'ਮੀਡੀਆ ਮੇਲਾ-2026' ਕਰਵਾਇਆ ਗਿਆ। 'ਵਰਸਿਟੀ ਦੇ ਉੱਪ ਕੁਲਪਤੀ ਡਾ. ਮਹਿਲ ਸਿੰਘ, ਅਕਾਦਮਿਕ ਮਾਮਲੇ ਡੀਨ ਡਾ. ਸੁਰਿੰਦਰ ਕੌਰ ਦੀ ਰਹਿਨੁਮਾਈ ਹੇਠ ਕਰਵਾਏ ਗਏ ਉਕਤ ਪ੍ਰੋਗਰਾਮ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਆਈ. ਐੱਮ. ਸੀ. ਐਂਡ ਐੱਮ. ਟੀ., ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਪੁੱਜੇ ਡਾਇਰੈਕਟਰ ਡਾ. ਬਿੰਦੂ ਸ਼ਰਮਾ ਵੱਲੋਂ ਕੀਤਾ ਗਿਆ। ਜਿਸ 'ਚ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਵੀ ਕਰਵਾਏ ਗਏ।ਇਸ ਮੌਕੇ ਡਾ. ਮਹਿਲ ਸਿੰਘ ਨੇ 'ਵਰਸਿਟੀ ਦੇ ਵਿਭਾਗ ਮੁੱਖੀ ਡਾ. ਸਾਨੀਆ ਮਰਵਾਹਾ ਨੂੰ ਸਮਾਗਮ ਦੀ ਸਫਲਤਾ ਅਤੇ ਸਬੰਧਿਤ ਸਟਾਫ਼ ਦੁਆਰਾ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਵਿਦਿਆਰਥੀਆਂ ਨੂੰ ਆਪਣੀ ਰਚਨਾਤਮਕਤਾ ਦਿਖਾਉਣ ਅਤੇ ਪੇਸ਼ਾਵਰ ਹੁਨਰ ਵਿਕਸਿਤ ਕਰਨ ਲਈ ਮਹੱਤਵਪੂਰਨ ਮੰਚ ਪ੍ਰਦਾਨ ਕਰਦੇ ਹਨ।ਇਸ ਤੋਂ ਪਹਿਲਾਂ ਡਾ. ਮਹਿਲ ਸਿੰਘ ਨੇ ਡਾ. ਸੁਰਿੰਦਰ ਕੌਰ ਅਤੇ ਡਾ. ਮਰਵਾਹਾ ਨਾਲ ਮਿਲ ਕੇ ਡਾ. ਸ਼ਰਮਾ ਅਤੇ ਉਚੇਚੇ ਤੌਰ 'ਤੇ ਪੁੱਜੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਜਲੰਧਰ, ਰੀਜਨਲ ਕੈਂਪਸ, ਜਰਨਲਿਜ਼ਮ ਵਿਭਾਗ ਮੁਖੀ ਡਾ. ਨਮਰਤਾ ਜੋਸ਼ੀ ਦਾ ਸਵਾਗਤ ਕਰਨ ਉਪਰੰਤ ਵਿਦਿਆਰਥੀਆਂ ਨੂੰ



ਮੀਡੀਆ ਸਬੰਧੀ ਗਤੀਵਿਧੀਆਂ 'ਚ ਸਰਗਰਮ ਭਾਗ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਡਾ. ਸ਼ਰਮਾ ਨੇ ਕਿਹਾ ਕਿ ਅਜਿਹੇ ਪਲੇਟਫਾਰਮ ਵਿਦਿਆਰਥੀਆਂ 'ਚ ਰਚਨਾਤਮਕਤਾ, ਆਲੋਚਨਾਤਮਕ ਸੋਚ ਅਤੇ ਪੇਸ਼ਾਵਰ ਨੈਤਿਕਤਾ ਨੂੰ ਮਜ਼ਬੂਤ ਕਰਦੇ ਹਨ। ਜਦ ਕਿ ਡਾ. ਸੁਰਿੰਦਰ ਕੌਰ ਨੇ ਆਯੋਜਕ ਟੀਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ 'ਮੀਡੀਆ ਮੇਲਾ-2026' ਯੂਨੀਵਰਸਿਟੀ ਦੀ ਸਮਗ੍ਰਿਕ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਇਸ ਮੌਕੇ ਡਾ. ਮਰਵਾਹਾ ਨੇ ਕਿਹਾ ਕਿ ਉਕਤ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਦੇ ਐਡ ਮੈਡ, ਰੇਡੀਓ ਜੌਕੀਇੰਗ, ਫੋਟੋਗ੍ਰਾਫੀ ਅਤੇ ਸ਼ਾਰਟ ਫਿਲਮ ਮੇਕਿੰਗ ਆਦਿ ਮੁਕਾਬਲੇ ਵੀ ਕਰਵਾਏ ਗਏ, ਜਿਸ 'ਚ 15 ਤੋਂ ਵਧੇਰੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ 200 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਉਨ੍ਹਾਂ ਕਿਹਾ ਕਿ ਸਟਾਕ ਬਾਜ਼ਾਰ, ਕਾਉ ਬੁਆਏ ਕੈਫੇ, ਹੇਅਰ ਐਨ ਹੱਬ, ਪੰਜਾਬ ਇਮੀਗ੍ਰੇਸ਼ਨ, ਆਈਬੀਟੀ, ਕਿੰਗ ਐਕਸੈਸਰੀਜ਼ ਅਤੇ ਐਕਸਪਰਟ ਵੀਜ਼ਾ ਵੱਲੋਂ ਸਪਾਂਸਰ ਕੀਤੇ ਗਏ ਮੀਡੀਆ ਮੇਲਾ ਦੌਰਾਨ ਖ਼ਾਲਸਾ ਯੂਨੀਵਰਸਿਟੀ ਨੇ ਬੈਸਟ ਕੋਰੀਓਗ੍ਰਾਫ਼ੀ ਐਵਾਰਡ ਅਤੇ ਚੰਡੀਗੜ੍ਹ ਯੂਨੀਵਰਸਿਟੀ ਨੇ ਓਵਰਆਲ ਟਰਾਫ਼ੀ ਦਾ ਖਿਤਾਬ ਪ੍ਰਾਪਤ ਕੀਤਾ।ਉਨ੍ਹਾਂ ਕਿਹਾ ਕਿ ਇਸ ਮੌਕੇ ਨੇਹਾ ਦਿਆਲ, ਸੁਰਿੰਦਰ ਫਰਿਸ਼ਤਾ, ਅਰਵਿੰਦਰ ਭੱਟੀ ਅਤੇ ਆਰ. ਜੇ. ਐਡੀ ਵਰਗੀਆਂ ਸ਼ਖ਼ਸੀਅਤਾਂ ਨੇ ਹਾਜ਼ਰੀ ਭਰ ਕੇ ਪ੍ਰੋਗਰਾਮ ਨੂੰ ਚਾਰ ਚੰਨ ਲਗਾਇਆ। ਉਨ੍ਹਾਂ ਕਿਹਾ ਕਿ ਪ੍ਰੋ: ਸੁਰਭੀ ਸ਼ਰਮਾ, ਹਰੀ ਸਿੰਘ, ਭਾਵਨੀ ਖੰਨਾ, ਸੁਸ਼ੀਲ ਕੁਮਾਰ, ਲਵਰੋਜ਼ਪ੍ਰੀਤ ਕੌਰ, ਰਸ਼ਿਤਾ ਨਈਅਰ, ਕੰਵਲਪ੍ਰੀਤ ਕੌਰ ਅਤੇ ਕਾਜਲ ਵੱਲੋਂ ਸਮਾਗਮ ਦਾ ਸਮਾਪਨ ਵੋਟ ਆਫ ਥੈਂਕਸ ਨਾਲ ਕੀਤਾ ਗਿਆ।

# ਅਸ਼ਟਮੀ ਤੇ ਰਾਮ ਨੌਮੀ ਦਾ ਤਿਉਹਾਰ ਸ਼ਰਧਾ ਨਾਲ ਮਨਾਇਆ

**ਗੁਰਦਾਸਪੁਰ (ਜਨਕ ਮਹਾਜਨ)**- ਬੇਟ ਤੇ ਸ਼ਹਿਰ ਗੁਰਦਾਸਪੁਰ ਅੰਦਰ ਅਸ਼ਟਮੀ ਅਤੇ ਰਾਮ ਨੌਮੀ ਦਾ ਤਿਉਹਾਰ ਸੰਗਤਾਂ ਦੇ ਸਹਿਯੋਗ ਨਾਲ ਮੰਦਰ ਪ੍ਰਬੰਧਕ ਕਮੇਟੀਆਂ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਮੰਦਰਾਂ ਵਿੱਚ ਸ੍ਰੀ ਰਮਾਇਣ ਦੇ ਚੱਲ ਰਹੇ ਪਾਠਾਂ ਦੇ ਭੋਗ ਪਾਏ ਗਏ ਅਤੇ ਸ਼੍ਰੀ ਅਸ਼ਟਮੀ ਤੇ ਸ਼੍ਰੀ ਰਾਮ ਜੀ ਦੀ



ਪੂਜਾ ਅਰਚਨਾ ਕੀਤੀ ਗਈ। ਇਸ ਮੌਕੇ ਸ਼ਰਧਾਲੂਆਂ ਨੇ ਸ੍ਰੀ ਰਾਮ ਮੰਦਿਰ ਤੇ ਮਾਤਾ ਵੈਸ਼ਣ ਦੇਵੀ ਦੇ ਮੰਦਿਰ ਵਿੱਚ ਨਤਮਸਤਕ ਹੋ ਗਏ ਆਸ਼ੀਰਵਾਦ ਪ੍ਰਾਪਤ ਕੀਤਾ। ਅੱਜ ਮੰਦਰਾਂ ਵਿੱਚ ਸਵੇਰ ਤੋਂ ਹੀ ਕਾਫੀ ਰੌਣਕਾਂ ਦੇਖਣ ਨੂੰ ਮਿਲੀਆਂ। ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾਂ ਦੇ ਮੁਖੀਆਂ ਨੇ ਦੱਸਿਆ ਕਿ ਸ੍ਰੀ ਰਮਾਇਣ ਪਾਠ ਦੇ ਭੋਗ ਉਪਰੰਤ ਸਤਸੰਗ ਹੋਇਆ। ਇਸ ਮੌਕੇ ਕੰਜਕ ਪੂਜਨ ਵੀ ਕੀਤਾ ਗਿਆ। ਇਸ ਮੌਕੇ ਉਨ੍ਹਾਂ ਭਗਵਾਨ ਸ੍ਰੀ ਰਾਮ ਦੁਆਰਾ ਦਰਸਾਏ ਮਾਰਗ 'ਤੇ ਚੱਲ ਕੇ ਆਪਣਾ ਜੀਵਨ ਸਫਲਾ ਕਰਨ 'ਤੇ ਜ਼ੋਰ ਦਿੱਤਾ। ਇਸ ਮੌਕੇ ਵੱਖ ਵੱਖ ਕਮੇਟੀਆਂ ਨੇ ਸ੍ਰੀ ਰਾਮ ਭਗਵਾਨ ਦੇ ਸਮਾਗਮ ਵਿਚ ਪਾਏ ਯੋਗਦਾਨ ਪਾਉਣ ਵਾਲਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਸੰਗਤਾਂ ਵਿੱਚ ਵੱਖ-ਵੱਖ ਪਕਵਾਨਾਂ ਦੇ ਲੰਗਰ ਵਰਤਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬੇਦਾਰ ਬਲਵਿੰਦਰ ਸਿੰਘ ਪਠਾਨੀਆ, ਪ੍ਰਧਾਨ ਰਜੇਸ਼ ਮਿਨਹਾਸ, ਮੰਗਾ ਮਿਨਹਾਸ, ਠਾਕੁਰ ਪੁਸ਼ਪਿੰਦਰ ਸਿੰਘ, ਰਾਜੂ ਪਠਾਨੀਆ, ਪ੍ਰਵੀਨ ਸਲਾਰੀਆ, ਜੋਗਿੰਦਰ ਸਿੰਘ ਕਾਟਲ, ਪ੍ਰੀਤਮ ਕਾਟਲ, ਸੋਮਰਾਜ ਕਾਟਲ, ਸੋਨੀਆ ਸ਼ਰਮਾ, ਅਨੀਤਾ ਦੇਵੀ ਤੋਂ ਇਲਾਵਾ ਹੋਰ ਆਗੂ ਹਾਜ਼ਰ ਸਨ।

# ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਘੁੰਮਣ ਕਲਾਂ ਦੇ ਏ.ਐਸ.ਆਈ. ਕੁਲਵਿੰਦਰ ਸਿੰਘ ਨੇ ਸਮੇਤ ਪੁਲਿਸ ਪਾਰਟੀ ਗ ਭੱਠਾ ਗੱਗੋਵਾਲੀ ਤੋਂ ਕਰਨਪ੍ਰੀਤ ਸਿੰਘ ਉਰਫ ਹਜਾਰਾ ਪੁੱਤਰ ਲਾਡੀ ਵਾਸੀ ਮੁਸਤਫਾਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬ੍ਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿੱਚੋਂ 4 ਗਰਾਮ ਹੈਰੋਇੰਨ ਬਰਾਮਦ ਹੋਈ ਹੈ। ਇਸੇ ਤਰ੍ਹਾਂ ਥਾਣਾ ਸਿਟੀ ਗੁਰਦਾਸਪੁਰ ਦੇ ਐਸ.ਆਈ. ਕੁਲਦੀਪ ਸਿੰਘ ਨੇ ਸਮੇਤ ਪੁਲਿਸ ਪਾਰਟੀ ਪੁਰਾਣਾ ਬੱਸ ਸਟੈਂਡ ਗੁਰਦਾਸਪੁਰ ਤੋਂ ਸਾਜਨ ਕੁਮਾਰ ਰਿੱਕੂ ਕਬਾੜੀਆ ਪੁੱਤਰ ਮਨਜੀਤ ਕੁਮਾਰ ਵਾਸੀ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬ੍ਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿੱਚੋਂ 7 ਗ੍ਰਾਮ ਹੈਰੋਇੰਨ ਬਰਾਮਦ ਹੋਈ ਹੈ। ਪੁੱਛਗਿੱਛ ਦੌਰਾਨ ਉਸ ਨੇ ਦੱਸਿਆ ਕਿ ਇਹ ਹੈਰੋਇੰਨ ਉਸ ਨੇ ਵਿਸ਼ਾਲ ਗਿੱਲ ਸੰਨੀ ਪੁੱਤਰ ਮੰਨਜ਼ੂਰ ਮਸੀਹ ਵਾਸੀ ਹਰੀਪੁਰ ਕੋਠੇ ਪਾਸੋਂ ਲੈ ਕੇ ਆਇਆ ਹੈ ਅਤੇ ਇਹ ਵੀ ਦੱਸਿਆ ਕਿ ਉਹ ਕਿਸੇ ਨਿਜੀ ਕੰਮ ਲਈ ਸਹਿਰ ਗੁਰਦਾਸਪੁਰ ਆਇਆ ਹੋਇਆ ਹੈ। ਥਾਣਾ ਸਦਰ ਗੁਰਦਾਸਪੁਰ ਦੇ ਐਸ.ਆਈ. ਸੁਰਜੀਤ ਸਿੰਘ ਨੇ ਸਮੇਤ ਪੁਲਿਸ ਪਾਰਟੀ ਹਰਦੋਬਥਵਾਲਾ ਤੋਂ ਅੰਮ੍ਰਿਤਪਾਲ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਸੰਗਲਪੁਰਾ ਗੁਰਦਾਸਪੁਰ ਨੂੰ ਸ਼ੱਕ ਦੀ ਬਿਨਾਂਹ ਪਰ ਕਾਬੂ ਉਸ ਦੀ ਜੇਬ ਵਿੱਚੋ 6 ਗ੍ਰਾਮ ਹੈਰੋਇਨ ਬ੍ਰਾਮਦ ਹੋਈ ਹੈ। ਪੁਲਿਸ ਨੇ ਉਕਤ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਕੈਂਡਲ ਮਾਰਚ ਦੌਰਾਨ ਪੱਤਰਕਾਰਾਂ ਨਾਲ ਬਹਿਸ ਮਾਮਲੇ 'ਚ ਟੀਨਾ ਚੌਧਰੀ ਵੱਲੋਂ ਮਾਫੀ

**ਪਠਾਨਕੋਟ (ਦਵਿੰਦਰ ਸਿੰਘ)**- 23 ਮਾਰਚ ਨੂੰ ਕਾਂਗਰਸ ਪਾਰਟੀ ਵੱਲੋਂ ਕੱਢੇ ਗਏ ਕੈਂਡਲ ਮਾਰਚ ਦੌਰਾਨ ਪੱਤਰਕਾਰਾਂ ਨਾਲ ਹੋਈ ਬਹਿਸਬਾਜ਼ੀ ਦੇ ਮਾਮਲੇ ਵਿੱਚ ਅੱਜ ਮਹੱਤਵਪੂਰਨ ਮੋੜ ਆਇਆ। ਥਾਣਾ ਡਵੀਜ਼ਨ ਨੰਬਰ ਇੱਕ ਵਿੱਚ ਦਿੱਤੀ ਗਈ ਸ਼ਿਕਾਇਤ ਤੋਂ ਬਾਅਦ ਡੀ ਐਸ ਪੀ ਸਿਟੀ ਦੇ ਦਫਤਰ ਵਿੱਚ ਮੀਟਿੰਗ ਹੋਈ, ਜਿਸ ਵਿੱਚ ਕਾਂਗਰਸ ਨੇਤਾ ਟੀਨਾ ਚੌਧਰੀ ਨੇ ਆਪਣੀ ਗਲਤੀ ਮੰਨਦਿਆਂ ਪੱਤਰਕਾਰਾਂ ਕੋਲੋਂ ਮਾਫੀ ਮੰਗੀ। ਮੀਟਿੰਗ ਦੌਰਾਨ ਟੀਨਾ ਚੌਧਰੀ ਨੇ ਕਿਹਾ ਕਿ ਕੈਂਡਲ ਮਾਰਚ ਸਮੇਂ ਪੱਤਰਕਾਰਾਂ ਨਾਲ ਬਹਿਸ ਦੌਰਾਨ ਉਹਨਾਂ ਵੱਲੋਂ ਕਹੇ ਗਏ ਸ਼ਬਦਾਂ ਲਈ ਉਹ ਖੇਦ ਪ੍ਰਗਟਾਉਂਦੀਆਂ ਹਨ ਅਤੇ ਉਹਨਾਂ ਨੂੰ ਵਾਪਸ ਲੈਂਦੀਆਂ ਹਨ। ਉਨ੍ਹਾਂ ਆਪਣੇ ਸਾਥੀਆਂ ਵੱਲੋਂ ਕੀਤੀ ਗਈ ਬਦਤਮੀਜ਼ੀ ਦੀ ਵੀ ਨਿੰਦਾ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੀ ਘਟਨਾ ਦੁਹਰਾਈ ਨਹੀਂ ਜਾਵੇਗੀ। ਇਸ ਮੌਕੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਮੇਅਰ ਪੰਨਾ ਲਾਲ ਭਾਟੀਆ ਨੇ ਕਿਹਾ ਕਿ ਮੀਡੀਆ ਲੋਕਤੰਤਰ ਦਾ ਚੌਥਾ ਸਤੰਭ ਹੈ ਅਤੇ ਕਾਂਗਰਸ ਪਾਰਟੀ ਹਰ ਪੱਤਰਕਾਰ ਦਾ ਸਤਿਕਾਰ ਕਰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਰਕਰ ਕੋਲੋਂ ਗਲਤੀ ਹੋਈ ਹੈ ਤਾਂ ਪਾਰਟੀ ਇਸ ਲਈ ਤਹਿ ਦਿਲੋਂ ਮਾਫੀ ਮੰਗਦੀ ਹੈ ਅਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਹਮੇਸ਼ਾ ਵਚਨਬੱਧ ਰਹੇਗੀ। ਪੱਤਰਕਾਰ ਯੂਨੀਅਨ ਦੇ ਪ੍ਰਧਾਨ ਅਜੇ ਸੈਣੀ, ਗੁਰਦਿੱਤ ਸਿੰਘ ਰੰਧਾਵਾ, ਸੰਜੀਵ ਘਈ ਅਤੇ ਪ੍ਰਦੀਪ ਕਰੜਾ ਨੇ ਕਿਹਾ ਕਿ ਪੱਤਰਕਾਰ ਸਮਾਜ ਦੀਆਂ ਸਮੱਸਿਆਵਾਂ ਨੂੰ ਉੱਚੇ ਪੱਧਰ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਹਰ ਪੱਤਰਕਾਰ ਨਾਲ ਸਨਮਾਨਪੂਰਵਕ ਵਿਹਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ 23 ਮਾਰਚ ਦੀ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਪਠਾਨਕੋਟ ਦੇ ਸਾਰੇ ਪੱਤਰਕਾਰ ਇਸ ਮਾਮਲੇ ਵਿੱਚ ਇੱਕਜੁੱਟ ਹਨ ਅਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਦਿਆਂ ਇਸ ਮਾਮਲੇ ਨੂੰ ਇੱਥੇ ਹੀ ਖਤਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਭਵਿੱਖ ਵਿੱਚ ਜੇਕਰ ਕਿਸੇ ਵੀ ਪੱਤਰਕਾਰ ਦੇ ਮਾਨ-ਸਨਮਾਨ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸ ਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਅਜੇ ਸੈਣੀ, ਐਨਪੀ ਧਵਨ, ਭਾਰਤ ਭੂਸ਼ਣ ਡੋਗਰਾ, ਸੰਜੀਵ ਘਈ, ਗੁਰਦੇਵ ਸਿੰਘ, ਦਵਿੰਦਰ ਸਿੰਘ ਸੋਢੀ, ਪਵਨ ਠਾਕਰ, ਮੁਕੇਸ਼ ਸੈਣੀ, ਰਮਨਦੀਪ ਸਿੰਘ, ਅਖਿਲ ਮਹਾਜਨ, ਸ਼ਿਵਜੋਤ ਘੁੰਮਣ, ਗੁਲਸ਼ਨ ਕੁਮਾਰ, ਰਾਜ ਕੁਮਾਰ ਰਾਜੂ, ਸੰਨੀ ਸਰੋਚ, ਨਰੇਸ਼ ਚੌਧਰੀ, ਅਭਿਸ਼ੇਕ ਸ਼ਰਮਾ, ਸੰਦੀਪ ਭਗਤ, ਦਕਸ਼ ਮਹਿਰਾ, ਆਰਤੀ, ਨੇਹਾ, ਪ੍ਰਦੀਪ ਕਰੜਾ, ਲਿਟਲ ਸੰਜੀਵ, ਵੇਦ ਪ੍ਰਕਾਸ਼, ਵਿਨੋਦ ਕੁਮਾਰ, ਜੁਗਲ ਕਿਸ਼ੋਰ ਸੋਨੂੰ, ਵਿਕਾਸ ਸੋਨੂ ਗੁਪਤਾ, ਸੋਨੂ ਬਾਵਾ, ਅਸ਼ੋਕ ਕੁਮਾਰ, ਧਰਮਿੰਦਰ ਠਾਕਰ, ਯਸ਼ਪਾਲ ਜੰਗੀ, ਪੁਸ਼ਪਿੰਦਰ ਪਠਾਣੀਆ, ਪ੍ਰੇਮ ਕਟਨੋਰੀਆ, ਅਨਮੋਲ ਸ਼ਰਮਾ, ਨਰਿੰਦਰ, ਮੁਕੇਸ਼ ਸ਼ਰਮਾ, ਅਸ਼ੀਸ਼ ਸ਼ਰਮਾ, ਰਾਜ ਠਾਕਰ, ਅਮਿਤ ਕੁਮਾਰ, ਵਰੁਣ ਪੁਰੀ, ਨੀਰੂ, ਸੁਮਿਤ ਸ਼ਰਮਾ, ਜੋਗਿੰਦਰ ਕੁਮਾਰ, ਤਰੁਣ ਸਨਹੋਤਰਾ, ਅਜੇ ਮਹਾਜਨ, ਅਤੀਤ ਮਹਾਜਨ ਸਮੇਤ ਹੋਰ ਵੀ ਹਾਜ਼ਰ ਸਨ।



# ਆਸ਼ਾ ਵਰਕਰਾਂ ਦੀ ਮੁੱਖ ਮੰਤਰੀ ਨਾਲ ਮੀਟਿੰਗ ਰਹੀ ਬੇਸਿੱਟਾ

**ਪੱਟੀ, (ਬਲਦੇਵ ਸਿੰਘ ਸੰਧੂ)** ਆਲ ਇੰਡੀਆ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਸੁਪਰਵਾਈਜ਼ਰ ਏਟਕ ਗਰੁੱਪ ਵੱਲੋਂ ਬੀਤੇ ਕਈ ਦਿਨਾਂ ਤੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਕੰਮਕਾਜ ਠੱਪ ਕਰਕੇ ਲਗਾਤਾਰ ਰੋਸ ਪ੍ਰਦਰਸ਼ਨ ਕਰ ਰਹੀਆਂ ਹਨ। ਮੁੱਖ ਮੰਤਰੀ ਨਾਲ ਮੀਟਿੰਗ ਦੇ ਸੱਦੇ ਪੱਤਰ ਨਾਲ ਆਸ਼ਾ ਵਰਕਰਾਂ ਤੇ ਸੁਪਰਵਾਈਜ਼ਰਾਂ 'ਚ



ਆਸ ਦੀ ਇੱਕ ਕਿਰਨ ਜਾਗੀ ਕਿ ਸ਼ਾਇਦ ਉਹਨਾ ਦੀਆਂ ਮੰਗਾਂ ਨੂੰ ਬੂਰ ਪਵੇਗਾ।ਮੁੱਖ ਮੰਤਰੀ ਦੇ ਮੁੱਖ ਸਕੱਤਰ ਨਾਲ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਦੀ ਅਗਵਾਈ ਹੇਠ ਰਣਜੀਤ ਕੌਰ ਰਾਣੋ, ਬਲਬੀਰ ਕੌਰ ਤੇ ਜ਼ਿਲ੍ਹਾ ਤਰਨ ਤਾਰਨ ਦੀ ਪ੍ਰਧਾਨ ਮਨਜਿੰਦਰ ਕੌਰ ਦੀ ਹਾਜ਼ਰੀ ਵਿਚ ਮੀਟਿੰਗ ਬੇਸਿੱਟਾ ਰਹੀ। ਮਨਜਿੰਦਰ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸੂਬੇ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਵੱਡੇ ਵੱਡੇ ਵਾਅਦੇ ਦਾਅਵੇ ਕਰਕੇ ਵੋਟਾਂ ਬਟੋਰੀਆਂ ਗਈਆਂ, ਸੂਬੇ ਦੀ ਜਨਤਾ ਨਾਲ ਝਾੜੂ ਸਰਕਾਰ ਨੇ ਬਹੁਤ ਵੱਡਾ ਧੋਖਾ ਕੀਤਾ ਜਿਸ ਦਾ ਜਵਾਬ 2027 ਦੀਆਂ ਵਿਧਾਨ ਚੋਣਾਂ ਸਮੇ ਦਿੱਤਾ ਜਾਵੇਗਾ । ਮਨਜਿੰਦਰ ਕੌਰ ਨੇ ਆਖਿਆ ਕਿ 28 ਮਾਰਚ ਤੱਕ ਪਹਿਲਾਂ ਦੀ ਤਰ੍ਹਾਂ ਮੁਕੰਮਲ ਤੌਰ 'ਤੇ ਕੰਮਕਾਜ ਠੱਪ ਰਹੇਗਾ। ਪਹਿਲੀ ਅਪ੍ਰੈਲ ਤੋਂ ਸੂਬੇ ਭਰ ਦੀਆਂ ਆਸ਼ਾ ਵਰਕਰਾਂ ਫੈਸੀਲਿਟੇਟਰਜ਼ ਤੇ ਸੁਪਰਵਾਈਜ਼ਰਾਂ ਵੱਲੋਂ ਮੁੱਖ ਮੰਤਰੀ ਦੇ ਹਲਕੇ ਧੂਰੀ ਵਿਖੇ ਪੱਕਾ ਮੋਰਚਾ ਲਗਾਉਣ ਦਾ ਫੈਸਲਾ ਕੀਤਾ ਗਿਆ। ਉਹ ਇਹ ਆਖਿਆ ਕਿ ਜਿੰਨਾ ਚਿਰ ਤੱਕ ਉਹਨਾਂ ਦੀਆ ਹੱਕੀ ਮੰਗਾਂ ਸਰਕਾਰ ਵੱਲੋਂ ਮੰਨੀਆਂ ਨਹੀਂ ਜਾਂਦੀਆਂ ਪੂਰਨ ਰੂਪ ਵਿਚ ਸਾਰਾ ਕੰਮਕਾਜ ਠੱਪ ਕਰਕੇ ਸਰਕਾਰ ਖਿਲਾਫ ਮੋਰਚਾ ਖੋਲ੍ਹਿਆ ਜਾਵੇਗਾ।

# ਆਈ ਸੀ ਆਈ ਸੀ ਆਈ ਪਰੂਡੈਂਸ਼ੀਅਲ ਲਾਈਫ ਸਮਾਲਕੈਪ 250 ਇੰਡੈਕਸ ਫੰਡ ਲਾਂਚ

**ਅੰਮ੍ਰਿਤਸਰ** : ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ ਆਪਣੇ ਯੂਨਿਟ ਲਿੰਕਡ ਇੰਸ਼ੋਰੈਂਸ ਪਲਾਨ ਦੇ ਤਹਿਤ ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਸਮਾਲਕੈਪ 250 ਇੰਡੈਕਸ ਫੰਡ ਲਾਂਚ ਕੀਤਾ ਹੈ।ਇਹ ਫੰਡ ਗਾਹਕਾਂ ਨੂੰ ਇੱਕ ਅਨੁਸ਼ਾਸਿਤ, ਸੂਚਕਾਂਕ-ਆਧਾਰਿਤ ਪਹੁੰਚ ਰਾਹੀਂ ਲੰਬੇ ਸਮੇਂ ਲਈ ਉਭਰ ਰਹੀਆਂ ਸੂਚੀਬੱਧ ਕੰਪਨੀਆਂ ਵਿੱਚ ਨਿਵੇਸ਼ ਕਰਨ ਅਤੇ ਦੌਲਤ ਬਣਾਉਣ ਵਿੱਚ ਮਦਦ ਕਰਦਾ ਹੈ।ਇਸ ਨਵੇਂ ਫੰਡ ਦੀ ਸ਼ੁਰੂਆਤ ਤੇ ਟਿੱਪਣੀ ਕਰਦੇ ਹੋਏ ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਦੇ ਮੁੱਖ ਨਿਵੇਸ਼ ਅਧਿਕਾਰੀ ਮਨੀਸ਼ ਕੁਮਾਰ ਨੇ ਕਿਹਾ ਕਿ ਸਮਾਲਕੈਪ 250 ਇੰਡੈਕਸ ਫੰਡ ਗਾਹਕਾਂ ਨੂੰ ਉੱਭਰ ਰਹੀਆਂ ਕੰਪਨੀਆਂ ਦੀ ਵਿਕਾਸ ਸੰਭਾਵਨਾ ਵਿੱਚ ਹਿੱਸਾ ਲੈਣ ਅਤੇ ਲੰਬੇ ਸਮੇਂ ਲਈ ਦੌਲਤ ਬਣਾਉਣ ਦਾ ਇੱਕ ਸਰਲ ਅਤੇ ਪਾਰਦਰਸ਼ੀ ਤਰੀਕਾ ਪ੍ਰਦਾਨ ਕਰਦਾ ਹੈ।ਇਹ ਲੰਬੇ ਸਮੇਂ ਦੇ ਨਿਵੇਸ਼ਕਾਂ ਲਈ ਢੁਕਵਾਂ ਹੈ ਜੋ ਵੱਖ-ਵੱਖ ਮਾਰਕੀਟ ਸੈਕਟਰਾਂ ਵਿੱਚ ਉੱਭਰ ਰਹੀਆਂ ਕੰਪਨੀਆਂ ਲਈ ਯੋਜਨਾਬੱਧ ਐਕਸਪੋਜ਼ਰ ਦੀ ਭਾਲ ਕਰਦੇ ਹਨ।ਫੰਡ ਸਮਾਲਕੈਪ 250 ਇੰਡੈਕਸ ਨੂੰ ਟਰੈਕ ਕਰਦਾ ਹੈ, ਜਿਸ ਵਿੱਚ ਨਿਫਟੀ 500 ਦੇ ਤਹਿਤ 251ਵੇਂ ਤੋਂ 500ਵੇਂ ਸਥਾਨ 'ਤੇ 250 ਕੰਪਨੀਆਂ ਸ਼ਾਮਲ ਹਨ।

# ਸ੍ਰੀ ਰਾਮ ਨੌਮੀ ਦੇ ਸ਼ੁੱਭ ਦਿਹਾੜੇ 'ਤੇ ਵਿਸ਼ਾਲ ਸ਼ੋਭਾ ਯਾਤਰਾ ਕੱਢੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸ੍ਰੀ ਰਾਮ ਨੌਮੀ ਦੇ ਪਵਿੱਤਰ ਦਿਹਾੜੇ ਸਬੰਧੀ ਸ੍ਰੀ ਰਘੂਨਾਥ ਮੰਦਰ ਕਮੇਟੀ ਧਾਰੀਵਾਲ ਵਲੋਂ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਇਕ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ । ਸ਼ੋਭਾ ਯਾਤਰਾ ਦਾ ਸ਼ਰਧਾਲੂਆਂ ਵੱਲੋਂ ਵੱਖ-ਵੱਖ ਥਾਵਾਂ 'ਤੇ ਨਿੱਘਾ ਸਵਾਗਤ ਕੀਤਾ ਗਿਆ। ਸ਼ੋਭਾ ਯਾਤਰਾ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਐਡੋਵਕੇਟ ਜਗਰੂਪ ਸਿੰਘ ਸੇਖਵਾਂ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸ਼ਹਿਰ ਵਾਸੀਆਂ ਨੂੰ ਸ੍ਰੀ ਰਾਮ ਨੌਮੀ ਦੀ ਵਧਾਈ ਦਿੱਤੀ।ਇਹ ਸ਼ੋਭਾ ਯਾਤਰਾ ਸ੍ਰੀ ਰਘੂਨਾਥ ਮੰਦਰ ਧਾਰੀਵਾਲ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਬਜ਼ਾਰਾਂ ਵਿੱਚੋਂ ਹੁੰਦੀ ਹੋਈ ਮੁੜ ਵਾਪਸ ਅਰੰਭਿਕ ਸਥਾਨ 'ਤੇ ਸਮਾਪਤ ਹੋਈ । ਸ਼ੋਭਾ ਯਾਤਰਾ ਦੌਰਾਨ ਗੱਤਕਾ ਪਾਰਟੀਆਂ ਨੇ ਆਪਣੇ ਜੌਹਰ ਦਿਖਾਏ। ਸ਼ੋਭਾ ਵਿੱਚ ਸ਼ਾਮਲ ਸੇਵਾ ਭਾਰਤੀ ਸੰਸਥਾ ਦੀਆਂ ਵਿਦਿਆਰਥਣਾਂ ਦੀ ਕਲਸ ਯਾਤਰਾ, ਘੋੜ ਸਵਾਰਾਂ ਅਤੇ ਰੰਗ ਬਰੰਗੀਆਂ ਝਾਕੀਆਂ ਨੇ ਸ਼ੋਭਾ ਯਾਤਰਾ ਦੀ ਸ਼ਾਨ ਵਧਾਈ। ਸ਼ੋਭਾ ਯਾਤਰਾ ਵਿੱਚ ਵੱਖ-ਵੱਖ ਮੰਦਰਾਂ ਦੇ ਪੁਜਾਰੀਆਂ ਤੋਂ ਇਲਾਵਾ ਮਾਰਕੀਟ ਕਮੇਟੀ ਧਾਰੀਵਾਲ ਦੇ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ ਖੁੰਡਾ, ਨਗਰ ਕੌਂਸਲ ਪ੍ਰਧਾਨ ਅਸ਼ਵਨੀ ਦੁੱਗਲ, ਸਰਪੰਚ ਹਰਪਾਲ ਸਿੰਘ ਕੰਗ, ਸੇਵਾ ਭਾਰਤੀ ਸੰਸਥਾ ਧਾਰੀਵਾਲ ਦੇ ਆਗੂ ਬ੍ਰਹਮ ਦੱਤ, ਅਕਾਲੀ ਦਲ ਐਸ ਸੀ ਵਿੰਗ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਰੌਣਕੀ ਰਾਮ ਆਲੋਵਾਲ, ਇੰਜੀਨੀਅਰ ਜੇ ਪੀ ਸਿੰਘ, ਨਿਸ਼ਾਨ ਸਿੰਘ ਵਾਲਮੀਕੀ, ਜਤਿੰਦਰ ਵਾਲਮੀਕੀ, ਪ੍ਰੇਮ ਸਿੰਘ ਘੁੰਮਣ ਆਦਿ ਸਮੇਤ ਸ਼ਹਿਰ ਵਾਸੀ ਅਤੇ ਇਲਾਕੇ ਦੇ ਲੋਕ ਵੱਡੀ ਗਿਣਤੀ ਸ਼ਾਮਲ ਸਨ।

# ਪੰਜਾਬ ਰਾਜ ਟ੍ਰੇਡਰਜ਼ ਕਮਿਸ਼ਨ ਦੀ ਬਮਿਆਲ ਵਿਖੇ ਮੀਟਿੰਗ

**ਪਠਾਨਕੋਟ (ਦਵਿੰਦਰ ਸਿੰਘ)**- ਪੰਜਾਬ ਰਾਜ ਟ੍ਰੇਡਰਜ਼ ਕਮਿਸ਼ਨ ਦੀਆਂ ਲੜੀਵਾਰ ਹਲਕਾ ਵਾਈਜ਼ ਮੀਟਿੰਗਾਂ ਦੇ ਤਹਿਤ ਬਮਿਆਲ ਮੇਨ ਬਾਜ਼ਾਰ ਵਿੱਚ ਵਪਾਰੀਆਂ ਅਤੇ ਟ੍ਰੇਡਰਜ਼ ਕਮਿਸ਼ਨ ਵਿਚਕਾਰ ਇੱਕ ਅਹਿਮ ਮੀਟਿੰਗ ਕੀਤੀ ਗਈ। ਇਹ ਮੀਟਿੰਗ ਦੁਕਾਨਦਾਰਾਂ ਨਾਲ ਸੰਬੰਧਿਤ ਮੁੱਦਿਆਂ ਨੂੰ ਸੁਣਨ ਅਤੇ ਉਨ੍ਹਾਂ ਦੇ ਹੱਲ ਲਈ ਖਾਸ ਤੌਰ ਤੇ ਰੱਖੀ ਗਈ ਸੀ।ਇਹ ਮੀਟਿੰਗ ਡਾ. ਅਨਿਲ ਭਾਰਦਵਾਜ (ਚੇਅਰਮੈਨ, ਟ੍ਰੇਡਰ ਕਮਿਸ਼ਨ, ਐਕਸਾਈਜ਼ ਐਂਡ ਟੈਕਸੇਸ਼ਨ ਡਿਪਾਰਟਮੈਂਟ, ਪੰਜਾਬ ਸਰਕਾਰ) ਅਤੇ ਹਲਕਾ ਚੇਅਰਪਰਸਨ ਕਰਨਦੀਪ ਦੀ ਅਗਵਾਈ ਹੇਠ ਹੋਈ। ਇਸ ਮੌਕੇ ਪੰਜਾਬ ਰਾਜ ਟੂਰਿਜ਼ਮ ਕਮਿਸ਼ਨ ਦੇ ਸੂਬਾ ਮੈਂਬਰ ਧਰਮਿੰਦਰ ਸਿੰਘ ਸ਼ੇਰੂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਦੌਰਾਨ ਡਾ. ਅਨਿਲ ਭਾਰਦਵਾਜ ਨੇ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਵਪਾਰੀਆਂ ਦੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਜਾ ਰਹੇ ਹਨ। ਇਸੇ ਤਹਿਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਕੇ 'ਤੇ ਮੌਜੂਦ ਰਹੇ।ਸੂਬਾ ਮੈਂਬਰ ਧਰਮਿੰਦਰ ਸਿੰਘ ਸ਼ੇਰੂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ




ਸਰਕਾਰ ਵੱਲੋਂ ਵਪਾਰੀਆਂ, ਦੁਕਾਨਦਾਰਾਂ ਅਤੇ ਉਦਮੀਆਂ ਲਈ ਕਾਰੋਬਾਰ ਨੂੰ ਸਰਲ ਬਣਾਉਣ ਦੇ ਉਦੇਸ਼ ਨਾਲ ਟ੍ਰੇਡਰਜ਼ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ। ਹਲਕਾ ਭੋਆ ਦੇ ਚੇਅਰਪਰਸਨ ਕਰਨਦੀਪ ਨੇ ਕਿਹਾ ਕਿ ਮੀਟਿੰਗ ਦੌਰਾਨ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਗਿਆ ਅਤੇ ਉਨ੍ਹਾਂ ਦੇ ਹੱਲ ਲਈ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ।ਮੀਟਿੰਗ ਦੌਰਾਨ ਅਧਿਕਾਰੀਆਂ ਨੇ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਜੀਐਸਟੀ, ਬਿਜਲੀ ਸਪਲਾਈ, ਪਾਣੀ ਸਪਲਾਈ ਅਤੇ ਹੋਰ ਸਥਾਨਕ ਮੁੱਦਿਆਂ ਨੂੰ ਪ੍ਰਾਥਮਿਕਤਾ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ, ਤਾਂ ਜੋ ਵਪਾਰੀਆਂ ਨੂੰ ਵੱਖ-ਵੱਖ ਦਫ਼ਤਰਾਂ ਵਿੱਚ ਜਾਣ ਦੀ ਲੋੜ ਨਾ ਪਵੇ।ਇਸ ਮੌਕੇ ਬਮਿਆਲ ਖੇਤਰ ਦੇ ਕਾਫ਼ੀ ਗਿਣਤੀ ਵਿੱਚ ਵਪਾਰੀ ਮੌਜੂਦ ਸਨ। ਕਈ ਮਸਲੇ ਮੌਕੇ 'ਤੇ ਹੀ ਹੱਲ ਕਰ ਦਿੱਤੇ ਗਏ, ਜਦਕਿ ਬਾਕੀ ਰਹਿੰਦੇ ਮਸਲੇ ਸਮੇਂਬੱਧ ਤਰੀਕੇ ਨਾਲ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਹਲਕੇ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਵੀ ਸਮੇਂ-ਸਮੇਂ 'ਤੇ ਮਸਲਿਆਂ ਦਾ ਹੱਲ ਕੀਤਾ ਜਾਂਦਾ ਹੈ ਅਤੇ ਸਰਕਾਰ ਦੇ ਇਹ ਉਪਰਾਲੇ ਕਾਬਿਲ-ਏ-ਤਾਰੀਫ਼ ਹਨ। ਇਸ ਮੀਟਿੰਗ ਵਿਚ ਸਰਪੰਚ ਮਨੀਸ਼ ਮਹਾਜਨ, ਮੈਂਬਰ ਵਿਕਾਸ ਸਿੰਘ, ਨੀਤਿਨ ਠਾਕੁਰ, ਅਤੇ ਹੋਰ ਸੀਨੀਅਰ ਅਫਸਰ, ਵਲੰਟੀਅਰ ਵੀ ਸ਼ਾਮਲ ਹੋਏ ।

# ਕਾਮਰੇਡ ਬਗੀਚਾ ਸਿੰਘ ਦੇ ਤੁਰ ਜਾਣ ਨਾਲ ਪੰਜਾਬ ਖੇਤ ਮਜ਼ਦੂਰ ਸਭਾ ਨੂੰ ਵੱਡੀ ਘਾਟ ਪਈ : ਸੁਖਦੇਵ ਸਿੰਘ ਕੋਟ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਪੰਜਾਬ ਖੇਤ ਮਜ਼ਦੂਰ ਸਭਾ ਜ਼ਿਲ੍ਹਾ ਸਕੱਤਰ ਕਾਮਰੇਡ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾ ਨੇ ਕਿਹਾ ਕਿ ਕਾਮਰੇਡ ਬਗੀਚਾ ਸਿੰਘ ਬਹੁਤ ਜੁਝਾਰੂ ਵਰਕਰ ਸਨ।ਉਹਨਾਂ ਆਪਣੀ ਸਾਰੀ ਜ਼ਿੰਦਗੀ ਦੱਬੇ ਕੁਚਲੇ ਲੋਕਾਂ ਅਤੇ ਸਮਾਜ ਦੀ ਬਰਾਬਰਤਾ, ਦਲਿਤਾਂ 'ਤੇ ਹੁੰਦੇ ਅੱਤਿਆਚਾਰ ਦੀ ਲੜਾਈ ਆਪਣੇ ਆਖਰੀ ਸਾਹਾਂ ਤੱਕ ਲੜਦੇ ਰਹੇ। ਜਥੇਬੰਦੀ ਵੱਲੋਂ ਉਲੀਕੇ ਘੋਲ ਵਿੱਚ ਵਧ ਚੜ੍ਹ ਕੇ ਸਹਿਯੋਗ ਦਿੱਤਾ। ਜਿਥੇ ਪਰਵਾਰ ਨੂੰ ਵੱਡੀ ਘਾਟ ਪਈ ਉਸ ਤੋਂ ਵੀ ਵੱਧ ਜਥੇਬੰਦੀ ਨੂੰ ਘਾਟਾ ਪਿਆ। ਆਪਣੇ ਸਾਥੀ ਨੂੰ ਜਥੇਬੰਦੀ ਦਾ ਲਾਲ ਝੰਡਾ ਪਾ ਕੇ ਲਾਲ ਸਲਾਮੀ ਦਿੱਤੀ ਗਈ। ਅਗਨੀ ਦੀ ਰਸਮ ਉਨ੍ਹਾ ਦੇ ਪੁੱਤਰ ਗੁਰਵਿੰਦਰ ਵੱਲੋਂ ਕੀਤੀ ਗਈ। ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਕੋਟ ਧਰਮ ਚੰਦ ਕਲਾਂ ਵਿੱਚ ਕੀਤਾ ਗਿਆ।ਇਸ ਸਮੇਂ ਸਾਥੀ ਕਾਮਰੇਡ ਬਲਵਿੰਦਰ ਕੋਟ, ਹੀਰਾ ਖਡੂਰ ਸਹਿਬ, ਰਛਪਾਲ ਸਿੰਘ ਘੁੜਕਵਿੰਡ, ਕਲਵੰਤ ਖਡੂਰ ਸਹਿਬ, ਗੁਰਨਾਮ ਸਿੰਘ ਮੈਂਬਰ ਪੰਚਾਇਤ, ਮੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਸ਼ੁੱਕਰਵਾਰ, 27 ਮਾਰਚ 2026

# ਸ਼ੁਰੂਆਤ ਹੋ ਗਈ

*ਭਾਰਤ ਦੀ ਸਭ ਤੋਂ ਵੱਡੀ ਪ੍ਰਾਈਵੇਟ ਈਂਧਨ ਵਿਕਰੇਤਾ ਕੰਪਨੀ ਨਾਇਰਾ ਐਨਰਜੀ ਨੇ ਪੈਟਰੋਲ ਦੀ ਕੀਮਤ 'ਚ 5 ਰੁਪਏ 30 ਪੈਸੇ ਅਤੇ ਡੀਜ਼ਲ ਦੀ ਕੀਮਤ 'ਚ 3 ਰੁਪਏ ਪ੍ਰਤੀ ਲਿਟਰ ਦਾ ਵਾਧਾ ਕਰ ਦਿੱਤਾ ਹੈ। ਈਰਾਨ ਉੱਤੇ ਅਮਰੀਕੀ-ਇਜ਼ਰਾਈਲੀ ਹਮਲਿਆਂ ਤੋਂ ਬਾਅਦ ਈਰਾਨ ਵੱਲੋਂ ਹਾਰਮੁਜ਼ ਜਲਡਮਰੂ ਲਾਂਘੇ 'ਤੇ ਰੋਕਾਂ ਲਾ ਦੇਣ ਕਾਰਨ ਦੇਸ਼ ਵਿੱਚ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਨੂੰ ਲੈ ਕੇ ਅਟਕਲਾਂ ਲਾਈਆਂ ਜਾ ਰਹੀਆਂ ਸਨ। ਨਾਇਰਾ ਨੇ ਰੇਟ ਵਧਾ ਕੇ ਸ਼ੁਰੂਆਤ ਕਰ ਦਿੱਤੀ ਹੈ। ਦੇਸ਼ ਵਿੱਚ 102075 ਪੈਟਰੋਲ ਪੰਪ ਹਨ ਅਤੇ ਨਾਇਰਾ ਐਨਰਜੀ 6967 ਪੰਪ ਚਲਾਉਂਦੀ ਹੈ। ਦੋ ਹੋਰ ਪ੍ਰਾਈਵੇਟ ਕੰਪਨੀਆਂ ਰਿਲਾਇੰਸ ਇੰਡਸਟ੍ਰੀਜ਼ ਤੇ ਬੀ ਪੀ ਪੀ ਐੱਲ ਸੀ ਨੇ ਨੁਕਸਾਨ ਉਠਾਉਣ ਦੇ ਬਾਵਜੂਦ ਅਜੇ ਰੇਟ ਨਹੀਂ ਵਧਾਏ। ਤੇਲ ਬਾਜ਼ਾਰ ਵਿੱਚ ਸਰਕਾਰੀ ਮਾਲਕੀ ਵਾਲੀਆਂ ਕੰਪਨੀਆਂ ਦੀ ਹਿੱਸੇਦਾਰੀ ਲਗਭਗ 90 ਫੀਸਦੀ ਹੈ।*

*ਪ੍ਰਾਈਵੇਟ ਕੰਪਨੀਆਂ ਨੂੰ ਹੋਣ ਵਾਲੇ ਨੁਕਸਾਨ ਦੀ ਪੂਰਤੀ ਲਈ ਸਰਕਾਰ ਮਦਦ ਨਹੀਂ ਕਰਦੀ, ਜਦਕਿ ਜਨਤਕ ਕੰਪਨੀਆਂ ਨੂੰ ਸਰਕਾਰੀ ਮਦਦ ਮਿਲਦੀ ਹੈ। ਇਹੀ ਕਾਰਨ ਹੈ ਕਿ ਨਾਇਰਾ ਨੇ ਰੇਟ ਵਧਾ ਕੇ ਆਪਣਾ ਭਾਰ ਲੋਕਾਂ 'ਤੇ ਪਾ ਦਿੱਤਾ ਹੈ। ਹਾਲਾਂਕਿ ਜਨਤਕ ਕੰਪਨੀਆਂ ਨੇ 20 ਮਾਰਚ ਨੂੰ ਪ੍ਰੀਮੀਅਮ ਪੈਟਰੋਲ ਦੀ ਕੀਮਤ 2 ਰੁਪਏ 35 ਪੈਸੇ ਵਧਾ ਦਿੱਤੀ ਸੀ, ਪਰ ਆਮ ਪੈਟਰੋਲ ਤੇ ਡੀਜ਼ਲ ਦੀ ਕੀਮਤ ਵਿੱਚ ਵਾਧਾ ਨਹੀਂ ਕੀਤਾ ਸੀ। ਜਨਤਕ ਕੰਪਨੀਆਂ ਵੀ ਕਾਫੀ ਦਬਾਅ ਹੇਠ ਹਨ ਅਤੇ ਜੰਗ ਬੰਦ ਹੋਣ ਦੇ ਆਸਾਰ ਵੀ ਨਜ਼ਰ ਨਹੀਂ ਆ ਰਹੇ। ਜੇ ਬੰਦ ਵੀ ਹੋ ਗਈ ਤਾਂ ਖਾੜੀ ਦੇਸ਼ਾਂ ਤੋਂ ਤੇਲ ਦੀ ਸਪਲਾਈ ਨਾਰਮਲ ਹੋਣ 'ਚ ਕਈ ਦਿਨ ਲੱਗ ਜਾਣੇ ਹਨ। ਇਹ ਤੈਅ ਹੀ ਹੈ ਕਿ ਜਨਤਕ ਕੰਪਨੀਆਂ ਵੀ ਰੇਟ ਵਧਾਉਣਗੀਆਂ। ਕੁਝ ਰਾਜਾਂ ਵਿੱਚ ਅਪ੍ਰੈਲ 'ਚ ਹੋਣ ਜਾ ਰਹੀਆਂ ਚੋਣਾਂ ਕਾਰਨ ਮੋਦੀ ਸਰਕਾਰ ਉਨ੍ਹਾਂ ਨੂੰ ਫਿਲਹਾਲ ਰੇਟ ਵਧਾਉਣ ਤੋਂ ਰੋਕ ਰਹੀ ਹੈ। ਚੋਣ ਖਤਮ ਹੁੰਦਿਆਂ ਰੇਟਾਂ ਵਿੱਚ ਕਾਫੀ ਵਾਧਾ ਦੇਖਣ ਨੂੰ ਮਿਲੇਗਾ।*

## ਅਥਾਹ ਗਿਆਨ ਦਾ ਭੰਡਾਰ ਹਨ ਕਿਤਾਬਾਂ

ਅੱਜ ਦੇ ਆਧੁਨਿਕ ਯੁੱਗ ਵਿੱਚ ਏਆਈ ਅਤੇ ਸੋਸ਼ਲ ਮੀਡੀਆ ਦਾ ਦੌਰ ਹੈ। ਕਿਸੇ ਵੀ ਖੇਤਰ ਨਾਲ ਸੰਬੰਧਿਤ ਜਾਣਕਾਰੀ ਲਈ ਸਾਡੇ ਕੋਲ ਫੇਸਬੁੱਕ, ਵਟਸਐਪ ਆਦਿ ਮਾਧਿਅਮ ਉਪਲੱਬਧ ਹਨ। ਨੌਜਵਾਨ ਪੀੜ੍ਹੀ ਆਪਣਾ ਵੱਡਾ ਹਿੱਸਾ ਇਨ੍ਹਾਂ ਪਲੇਟਫਾਰਮਾਂ 'ਤੇ ਬਿਤਾਉਂਦੀ ਹੈ। ਪਰ ਇਸਦੇ ਬਾਵਜੂਦ, ਕਿਤਾਬਾਂ ਦਾ ਮਹੱਤਵ ਅੱਜ ਵੀ ਅਟੱਲ ਹੈ।

ਕਿਤਾਬਾਂ ਗਿਆਨ ਨੂੰ ਸੰਜੋ ਕੇ ਰੱਖਣ ਦਾ ਸਭ ਤੋਂ ਭਰੋਸੇਯੋਗ ਸਾਧਨ ਹਨ। ਕਿਤਾਬਾਂ ਤੋਂ ਪ੍ਰਾਪਤ ਗਿਆਨ ਲੰਬੇ ਸਮੇਂ ਤੱਕ ਯਾਦ ਰਹਿੰਦਾ ਹੈ। ਜੇ ਅਸੀਂ ਕੁਝ ਭੁੱਲ ਵੀ ਜਾਈਏ, ਤਾਂ ਕਿਤਾਬ ਖੋਲ੍ਹ ਕੇ ਦੁਬਾਰਾ ਯਾਦ ਕਰ ਸਕਦੇ ਹਾਂ। ਵੱਖ-ਵੱਖ ਫ਼ਿਲਾਸਫ਼ਰਾਂ ਨੇ ਕਿਤਾਬਾਂ ਨੂੰ ਗਿਆਨ ਦਾ ਭੰਡਾਰ ਅਤੇ ਜੀਵਨ ਜਾਚ ਸਿਖਾਉਣ ਵਾਲਾ ਸੱਚਾ ਮਿੱਤਰ ਮੰਨਿਆ ਹੈ।

ਮਹਾਤਮਾ ਗਾਂਧੀ ਦੇ ਅਨੁਸਾਰ ਹਰ ਘਰ ਵਿੱਚ ਇੱਕ ਲਾਇਬ੍ਰੇਰੀ ਹੋਣੀ ਚਾਹੀਦੀ ਹੈ। ਬਾਲ ਗੰਗਾਧਰ ਤਿਲਕ ਨੇ ਕਿਹਾ ਸੀ ਕਿ ਜੇ ਘਰ ਵਿੱਚ ਕਿਤਾਬਾਂ ਹੋਣ ਤਾਂ ਨਰਕ ਵੀ ਸਵਰਗ ਬਣ ਸਕਦਾ ਹੈ।

ਕਿਤਾਬਾਂ ਮਨੁੱਖੀ ਸੋਚ ਨੂੰ ਵਿਕਸਿਤ ਕਰਦੀਆਂ ਹਨ ਅਤੇ ਤਰਕਸ਼ੀਲਤਾ ਨੂੰ ਵਧਾਉਂਦੀਆਂ ਹਨ। ਵੱਖ-ਵੱਖ ਵਿਸ਼ਿਆਂ ਦੀਆਂ ਕਿਤਾਬਾਂ ਪੜ੍ਹਨ ਨਾਲ ਅਸੀਂ ਮਾਨਸਿਕ ਤੌਰ 'ਤੇ ਮਜ਼ਬੂਤ ਬਣਦੇ ਹਾਂ ਅਤੇ ਨਵੀਆਂ ਜਾਣਕਾਰੀਆਂ ਪ੍ਰਾਪਤ ਕਰਦੇ ਹਾਂ। ਇਹ ਗਿਆਨ ਕੋਈ ਵੀ ਚੋਰ ਨਹੀਂ ਚੁੱਕ ਸਕਦਾ।

ਕਿਤਾਬਾਂ ਸਾਨੂੰ ਜੀਵਨ ਦੇ ਉਤਾਰ-ਚੜ੍ਹਾਵਾਂ ਨਾਲ ਨਿਭਣ ਦੀ ਸਮਰੱਥਾ ਦਿੰਦੀਆਂ ਹਨ। ਹਰ ਰੋਜ਼ 10 ਤੋਂ 20 ਮਿੰਟ ਪੜ੍ਹਨ ਦੀ ਆਦਤ ਸਾਨੂੰ ਕੇਂਦਰਿਤ ਰਹਿਣ ਵਿੱਚ ਮਦਦ ਕਰਦੀ ਹੈ। ਇਤਿਹਾਸ, ਮਨੋਵਿਗਿਆਨ ਅਤੇ ਹੋਰ ਵਿਸ਼ਿਆਂ ਦਾ ਡੂੰਘਾ ਗਿਆਨ ਕਿਤਾਬਾਂ ਰਾਹੀਂ ਹੀ ਮਿਲਦਾ ਹੈ।

ਚੰਗੀਆਂ ਕਿਤਾਬਾਂ ਸਾਨੂੰ ਨੈਤਿਕ ਮੁੱਲ, ਸਹਿਣਸ਼ੀਲਤਾ ਅਤੇ ਚੰਗੇ ਸੰਸਕਾਰ ਸਿਖਾਉਂਦੀਆਂ ਹਨ। ਕਹਾਣੀਆਂ ਅਤੇ ਨਾਵਲ ਸਾਨੂੰ ਮਨੋਰੰਜਨ ਦੇ ਨਾਲ-ਨਾਲ ਜੀਵਨ ਵਿੱਚ ਆਨੰਦ ਭਰਦੇ ਹਨ। ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਸਾਨੂੰ ਪ੍ਰੇਰਿਤ ਕਰਦੀਆਂ ਹਨ।

ਲਗਾਤਾਰ ਪੜ੍ਹਨ ਨਾਲ ਸ਼ਬਦਾਵਲੀ ਵਿੱਚ ਵਾਧਾ ਹੁੰਦਾ ਹੈ ਅਤੇ ਬੋਲਚਾਲ ਵਿੱਚ ਨਿਖਾਰ ਆਉਂਦਾ ਹੈ। ਕਿਤਾਬਾਂ ਮਨ ਨੂੰ ਸ਼ਾਂਤ ਕਰਦੀਆਂ ਹਨ ਅਤੇ ਇੱਕ ਤਰ੍ਹਾਂ ਦਾ ਧਿਆਨ (ਮੈਡੀਟੇਸ਼ਨ) ਬਣ ਜਾਂਦੀਆਂ ਹਨ।

ਅੰਤ ਵਿੱਚ, ਹਰ ਮਨੁੱਖ ਨੂੰ ਕਿਤਾਬਾਂ ਨਾਲ ਦੋਸਤੀ ਕਰਨੀ ਚਾਹੀਦੀ ਹੈ ਕਿਉਂਕਿ ਇਹ ਸੱਚਮੁੱਚ ਅਥਾਹ ਗਿਆਨ ਦਾ ਭੰਡਾਰ ਹਨ।

**- ਸੰਜੀਵ ਸਿੰਘ ਸੈਣੀ, ਮੋਹਾਲੀ**

# ਅਮਰੀਕਾ-ਇਜ਼ਰਾਈਲ ਦੇ ਵੱਜ ਰਹੇ ਹਨ ਦੰਦੋੜਿਕੇ

**ਗੁਰਮੀਤ ਸਿੰਘ ਬਖਤਪੁਰਾ**

ਦੁਨੀਆ ਦੇ ਆਪੇ ਬਣੇ ਸਾਮਰਾਜੀ ਅਲੰਬਰਦਾਰ ਅਮਰੀਕਾ ਨੇ ਏਸ਼ੀਆ ਦੇ ਆਪਣੇ ਪਿੱਠੂ ਇਜ਼ਰਾਇਲ ਨਾਲ ਮਿਲ ਕੇ 28 ਫਰਵਰੀ 2026 ਨੂੰ ਏਸ਼ੀਆ ਦੇ ਦੇਸ਼ ਈਰਾਨ ਉਪਰ ਸਿੱਧਾ, ਅਸਿੱਧਾ ਕਬਜ਼ਾ ਜਮਾਉਣ ਲਈ ਸਾਂਝਾ ਫੌਜੀ ਹਮਲਾ ਕਰ ਦਿੱਤਾ ਹੈ, ਕਰੀਬ ਨੌਂ ਮਹੀਨੇ ਦੇ ਫਰਕ ਨਾਲ ਇਹਨਾਂ ਸਾਮਰਾਜੀ ਪਛਾਖੜੀ ਤਾਕਤਾਂ ਦਾ ਈਰਾਨ ਉਪਰ ਦੂਜਾ ਹਮਲਾ ਹੈ।ਜਦੋ ਦੁਨੀਆ ਦੀ ਧਰਤੀ ਭਿੰਨ-ਭਿੰਨ ਦੇਸ਼ਾਂ ਦੇ ਖਿੱਤਿਆ ਵਿੱਚ ਵੰਡੀ ਹੋਈ ਹੈ ਅਤੇ ਇਨ੍ਹਾਂ ਖਿੱਤਿਆਂ ਦੇ ਹਿੱਤ ਵਿੱਚ ਪ੍ਰਭੂ ਸੱਤਾ ਸੰਪਨ ਦੇਸ਼ਾਂ ਲਈ ਅੰਤਰ-ਰਾਸ਼ਟਰੀ ਨਿਯਮ ਬਣਦੇ ਰਹੇ ਹਨ, ਜਿਨਾਂ ਨਿਯਮਾ ਨੂੰ ਲਾਗੂ ਕਰਵਾਉਣ ਲਈ ਸਮੇਂ-ਸਮੇਂ ਯੂ ਐਨ ਓ ਵਰਗੀਆ ਸੰਸਥਾਵਾਂ ਰਹੀਆਂ ਹਨ, ਤਾਂ ਫਿਰ ਵੀ ਜੰਗਾਂ ਕਿਉਂ ਹੁੰਦੀਆਂ ਹਨ, ਇਹ ਦੁਨੀਆ ਦੇ ਆਮ ਆਦਮੀ ਦਾ ਵੱਡਾ ਸੁਆਲ ਹੈ ? ਇਸ ਦਾ ਮੋਟੇ ਤੌਰ 'ਤੇ ਉਤਰ ਹੈ ਕਿ ਜਦੋਂ ਤੋਂ ਇਸ ਧਰਤੀ 'ਤੇ ਉਸਰੇ ਮਨੁੱਖੀ ਸਮਾਜ ਵਿਚ ਜਮਾਤਾਂ ਦੀ ਵੰਡ ਹੋਣ ਨਾਲ ਨਿੱਜੀ ਜਾਇਦਾਦ ਦਾ ਵਿਚਾਰ ਪਨਪਿਆ, ਉਸ ਸਮੇਂ ਤੋਂ ਹੀ ਵਿਅਕਤੀ ਜਾਂ ਕੁਝ ਵਿਅਕਤੀਆਂ (ਜਮਾਤ) ਦੀ ਸੱਤਾ ਨੇ ਧਰਤੀ ਦੇ ਵੱਧ ਹਿੱਸੇ 'ਤੇ ਕਬਜ਼ੇ ਦੀ ਸੱਤਾ ਲਈ ਖੋਹ-ਖਿੰਝ ਸ਼ੁਰੂ ਕਰ ਦਿੱਤੀ ਸੀ,

ਅਮਰੀਕਾ ਦਾ ਦੂਸਰੀ ਸੰਸਾਰ ਤੋਂ ਬਾਅਦ ਦੇ ਸਮੇਂ ਦਾ ਇਤਿਹਾਸ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਕੋਰੀਆ, ਕੰਬੋਡੀਆ, ਲਾਉਸ ਤੱਕ, 1953 ਦੇ ਈਰਾਨ ਤੋਂ ਲੈ ਕੇ ਸੀਤ ਯੁੱਧ ਤੱਕ, ਗਵਾਟੇਮਾਲਾ, ਚਿਲੀ ਨਿਕਾਰਾਗੁਆ, ਪਨਾਮਾ ਅਤੇ ਗ੍ਰੇਨੇਡਾ ਤੋਂ ਲੈ ਕੇ ਸਰਬੀਆ, ਕਿਊਬਾ ਤੱਕ , ਅਫਗਾਨਿਸਤਾਨ, ਇਰਾਕ ਤੋਂ ਲੈ ਕੇ ਲਿਬਿਆ ਅਤੇ ਸੀਰੀਆ ਤੱਕ ਦੇ ਸਮੇਂ ਦੌਰਾਨ ਕਮਿਉਨਿਸਟ ਵਿਰੋਧੀ, ਅੱਤਵਾਦ ਵਿਰੋਧੀ, ਪ੍ਰਮਾਣੂ ਅਪਸਾਰ ਅਤੇ ਮਾਨਵਤਾਵਾਦ ਦੇ ਅਲੱਗ-ਅਲੱਗ ਨਾਹਰਿਆਂ ਦੇ ਬਹਾਨਿਆਂ ਹੇਠ ਚੁੱਪ-ਚੁਪੀਤੇ ਰਾਜ ਪਲਟੇ, ਆਰਥਿਕ ਨਾਕਾਬੰਦੀਆ ਕਰਨ ਤੋਂ ਬਿਨਾ ਦੁਨੀਆ ਉਪਰ ਬਾਰ-ਬਾਰ ਜੰਗਾਂ ਠੋਸੀਆਂ ਗਈਆਂ ਹਨ । ਹੁਣ ਅਮਰੀਕਾ-ਇਜ਼ਰਾਇਲ ਦੁਆਰਾ ਈਰਾਨ ਉਪਰ ਕੀਤੇ ਗਏ ਹਮਲੇ ਦੀ ਕੈਮਿਸਟਰੀ ਵੀ ਕੋਈ ਵੱਖਰੀ ਨਹੀਂ। ਅਸਲ ਵਿੱਚ ਸਮੁੱਚਾ ਸਾਮਰਾਜ ਅਤੇ ਖਾਸ ਕਰ ਅਮਰੀਕੀ ਸਾਮਰਾਜ ਇੱਕ ਵੱਡੇ ਆਰਥਿਕ ਸੰਕਟ ਵਿੱਚ ਫਸ ਚੁੱਕਾ ਹੈ। ਉਸ ਵੱਲੋਂ ਦੁਨੀਆ ਨੂੰ ਆਪਣੀ ਰਜ਼ਾ ਵਿੱਚ ਰੱਖਣ ਲਈ ਦੁਨੀਆ ਪੱਧਰ 'ਤੇ ਚਲਾਏ ਜਾ ਰਹੇ ਵਿਸ਼ਾਲ ਫੌਜੀ ਤਾਣੇ-ਬਾਣੇ ਨੂੰ ਚੱਲਦਾ ਰੱਖਣ ਲਈ ਗੰਭੀਰ ਆਰਥਿਕ ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਸ ਪਾਸ ਵਾਧੂ ਖਰਚਿਆਂ ਲਈ ਵਾਧੂ ਆਰਥਿਕਤਾ ਇਕੱਠੀ ਨਹੀਂ ਹੋ ਰਹੀ, ਜਿਸ ਕਾਰਨ ਸਾਮਰਾਜ ਅਮਰੀਕਾ ਇਸ ਸੰਕਟ ਵਿੱਚੋਂ ਨਿਕਲਣ ਲਈ ਆਪਣੀ ਪੁਰਾਣੀ ਯੁੱਧਨੀਤੀ ਅਨੁਸਾਰ ਗੁਪਤ ਰਾਜ ਪਲਟੇ ਕਰਾਉਣ ਦੇ ਸਮੇਂ ਦੀ ਉਡੀਕ ਕਰਨ ਦੀ ਬਜਾਏ ਸਿੱਧਾ ਜੰਗੀ ਰਸਤਿਆਂ ਉੱਪਰ ਉਤਰ ਆਇਆ ਹੈ। ਵੈਨੇਜ਼ੁਏਲਾ ਦੇ ਸਫਲ ਹਮਲੇ ਤੋਂ ਬਾਅਦ ਰਾਸ਼ਟਰਪਤੀ ਟਰੰਪ ਸਿੱਧੇ ਤੌਰ 'ਤੇ ਕੈਨੇਡਾ ਨੂੰ ਆਪਣਾ 51ਵਾਂ ਸੂਬਾ ਬਣਾਉਣ, ਗਰੀਨਲੈਂਡ ਅਤੇ ਕਿਊਬਾ 'ਤੇ ਕਬਜ਼ਾ ਕਰ ਲੈਣ ਵਜੋਂ ਮੂੰਹ ਫੱਟ ਬੋਲਿਆ ਸੀ।ਰਾਸ਼ਟਰਪਤੀ ਮਾਦੁਰੋ ਨੂੰ ਅਗਵਾ ਕਰਨ ਤੋਂ ਬਾਅਦ ਅਮਰੀਕਾ ਦੁਆਰਾ ਖੁੱਲ੍ਹੇਆਮ ਮੰਨ ਲਿਆ ਗਿਆ ਸੀ ਕਿ ਅਮਰੀਕਾ ਦਾ ਉਸ ਨੇ ਉਪਰ ਹਮਲੇ ਦਾ ਮੁੱਖ ਮਕਸਦ ਉਥੋਂ ਦੇ ਕੱਚੇ ਤੇਲ ਭੰਡਾਰਾਂ 'ਤੇ ਕਬਜ਼ਾ ਕਰਨਾ ਹੈ, ਕਿਉਂਕਿ ਵੈਨੇਜੁਏਲਾ ਦੇ ਰਾਸ਼ਟਰਪਤੀ ਵੱਲੋਂ ਤੇਲ ਭੰਡਾਰਾਂ ਦਾ ਕੌਮੀਕਰਣ ਕਰਕੇ ਅਮਰੀਕੀ ਤੇਲ ਕੰਪਨੀਆਂ ਨੂੰ ਆਪਣੇ ਦੇਸ਼ 'ਚੋਂ ਬਾਹਰ ਕੱਢ ਦਿੱਤਾ ਸੀ। ਅਮਰੀਕੀ ਰਾਸ਼ਟਰਪਤੀ ਟਰੰਪ ਅਤੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਈਰਾਨ ਉੱਪਰ ਠੋਸੀ ਗਈ ਨਿੱਹਕੀ ਜੰਗ ਦੇ ਕਾਰਨਾਂ ਦਾ ਵੀ ਇਕਬਾਲ ਕਰ ਲਿਆ ਹੈ ਕਿ ਅਸੀਂ ਈਰਾਨ ਦੀ ਸਰਕਾਰ ਨੂੰ ਬਦਲਣਾ ਚਾਹੁੰਦੇ ਹਾਂ ਅਤੇ 1979 ਦੇ ਇਸਲਾਮੀ ਇਨਕਲਾਬ ਵਿੱਚ ਸੱਤਾ ਤੋਂ ਉਤਾਰੇ ਗਏ ਅਮਰੀਕਨ ਪਿੱਠੂ ਬਾਦਸ਼ਾਹ ਸ਼ਾਹ ਦੇ ਪੁੱਤਰ ਰਜ਼ਾ ਪਹਿਲਵੀ ਨੂੰ ਈਰਾਨ ਦੀ ਸੱਤਾ ਸੌਂਪਣੀ ਚਾਹੁੰਦੇ ਹਾਂ, ਕਿਉਂਕਿ ਬੀਤੇ 47 ਸਾਲਾਂ ਤੋਂ ਈਰਾਨ ਵਿਰੁੱਧ ਲਾਈਆਂ ਗਈਆਂ ਆਰਥਿਕ ਪਾਬੰਦੀਆਂ ਅਤੇ ਸਿੱਧੀਆ ਧਮਕੀਆ ਦੇ ਬਾਵਜੂਦ ਈਰਾਨ ਦੀ ਮੌਜੂਦਾ ਸਰਕਾਰ ਈਰਾਨ ਵਿੱਚ ਸਾਨੂੰ ਦਖਲ ਦੇਣ ਤੋਂ ਰੋਕ ਰਹੀ ਹੈ, ਜਦੋਂ ਕਿ ਈਰਾਨ ਦੇ ਆਲੇ-ਦੁਆਲੇ ਦੇ ਸਮੁੱਚੇ ਖਾੜੀ ਦੇਸ਼ਾਂ ਵਿੱਚ ਅਮਰੀਕੀ ਸਾਮਰਾਜੀਆਂ ਦੇ ਹੁਕਮਾਂ ਅਤੇ ਲੁੱਟ ਦੀ ਤੂਤੀ ਬੋਲਦੀ ਹੈ ਤਾਂ ਈਰਾਨ ਕੌਣ ਹੁੰਦਾ ਹੈ ਅਮਰੀਕਾ ਦੀ ਹੁਕਮ-ਅਦੂਲੀ ਕਰਨ ਵਾਲਾ ਦੇਸ਼ ? ਦੁਨੀਆਂ ਜਾਣਦੀ ਹੈ ਕਿ ਅਮਰੀਕਾ ਦੇ ਕਰੀਬ 80



ਦੇਸ਼ਾਂ ਵਿੱਚ ਸਥਿਤ 750 ਫੌਜੀ ਅੱਡਿਆਂ ਵਿੱਚ ਸਭ ਤੋਂ ਮਜ਼ਬੂਤ ਫੌਜੀ ਅੱਡੇ ਖਾੜੀ ਦੇਸ਼ਾਂ ਦੇ ਇਸ ਖਿੱਤੇ ਵਿੱਚ ਸਥਿਤ ਹਨ ਤਾਂ ਸਮੁੱਚੇ ਖਾੜੀ ਦੇਸ਼ਾਂ ਦੇ ਕੱਚੇ ਤੇਲ, ਕਾਰੋਬਾਰ ਅਤੇ ਹੋਰ ਖਣਿਜ ਪਦਾਰਥਾਂ ਉੱਪਰ ਇੱਕ-ਮਾਤਰ ਸਰਦਾਰੀ ਸਥਾਪਤ ਕਰਨ ਵਿੱਚ ਅਮਰੀਕਾ ਤੇ ਇਜ਼ਰਾਇਲ ਆਪਣੇ ਸਾਹਮਣੇ ਸਭ ਤੋਂ ਵੱਡਾ ਰੋੜਾ ਈਰਾਨ ਨੂੰ ਸਮਝਦੇ ਹਨ ।

ਅਮਰੀਕਾ-ਇਜ਼ਰਾਇਲ ਅਤੇ ਈਰਾਨ ਦੀ ਜੰਗ ਨੂੰ ਇਸਾਈ ਅਤੇ ਮੁਸਲਿਮ ਧਰਮ ਦੀ ਜੰਗ ਦੀਆ ਐਨਕਾਂ ਰਾਹੀਂ ਦੇਖਣਾ ਸਾਮਰਾਜੀਆਂ ਦੇ ਖਾਸੇ ਨੂੰ ਸਮਝਣ ਤੋਂ ਇਨਕਾਰ ਹੈ ।ਇਹ ਜੰਗ ਸਿੱਧੇ ਅਤੇ ਸਾਫ ਤੌਰ 'ਤੇ ਜ਼ਾਲਮ ਅਤੇ ਗਰੀਬ ਦੇਸਾਂ, ਜ਼ਾਲਮ ਅਤੇ ਮਜ਼ਲੂਮ ਲੋਕਾਂ ਦਰਮਿਆਨ ਹੈ ।ਇਸ ਜੰਗ ਵਿੱਚ ਅਮਰੀਕਾ-ਇਜ਼ਰਾਇਲ ਦੇ ਵੱਜ ਰਹੇ ਦੰਦੋੜਿਕੇ ਇਸ ਸਮਝ ਦਾ ਹੀ ਤਕਾਜ਼ਾ ਹੈ ਕਿ ਜਿੱਥੇ ਖਾੜੀ ਦੇਸ਼ਾਂ ਦੇ ਅਯਾਸ਼ ਬਾਦਸ਼ਾਹ ਅਮਰੀਕਾ ਨਾਲ ਖੜੇ ਹਨ, ਪਰ ਉਨ੍ਹਾਂ ਦੇਸ਼ਾਂ ਦੀ ਪਰਜਾ ਅਮਰੀਕਾ ਸਾਮਰਾਜ ਵਿਰੁੱਧ ਖੜੀ ਹੈ।ਅਮਰੀਕਾ ਅਤੇ ਯੂਰਪੀ ਦੇਸ਼ਾ ਦੀਆ ਸਰਕਾਰਾਂ ਅਤੇ ਉਥੋਂ ਦੀ ਜਨਤਾ ਦਰਮਿਆਨ ਵੀ ਇਹ ਪਾੜਾ ਸਪੱਸ਼ਟ ਦਿਸ ਰਿਹਾ ਹੈ।ਭਾਰਤ ਵਿੱਚ ਵੀ ਭਾਜਪਾ ਆਰ ਐੱਸ ਐੱਸ ਅਤੇ ਮੋਦੀ ਸਰਕਾਰ ਵੱਲੋਂ ਅਮਰੀਕੀ ਸਾਮਰਾਜ ਸਾਹਮਣੇ ਕੀਤੀ ਜਾ ਰਹੀ ਬੇਸ਼ਰਮੀ ਭਰੀ ਡਡੌਤ ਦੇ ਬਾਵਜੂਦ ਭਾਰਤੀ ਜਨਤਾ ਦੇ ਵੱਡੇ ਹਿੱਸੇ ਨੇ ਈਰਾਨ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਿਆ ਹੈ ।ਦੁਨੀਆ ਪੱਧਰ 'ਤੇ ਅਮਰੀਕਨ ਸਾਮਰਾਜ ਅਤੇ ਇਜ਼ਰਾਇਲ ਨੂੰ ਵੱਡੇ ਨਿਖੇੜੇ ਅਤੇ ਬਚਾਓ ਦੀ ਸਥਿਤੀ ਵਿੱਚ ਸੁਟਣਾ ਜਿੱਥੇ ਈਰਾਨ ਦੇ ਦਰਜਨਾਂ ਆਗੂਆਂ ਦੀਆ ਸਹਾਦਤਾਂ ਦੇ ਬਾਵਜੂਦ ਈਰਾਨ ਦੀ ਇਕ ਦਰੁੱਸਤ ਦਾਅਪੇਚਕ ਯੁਧਨੀਤੀ ਦਾ ਇਕ ਵਡਾ ਰੋਲ ਹੈ, ਉਥੇ ਦੁਨੀਆ ਦੀ ਜਨਤਾ ਦੇ ਅਮਰੀਕੀ ਵਿਰੋਧ ਨੇ ਸਾਬਤ ਕਰ ਦਿੱਤਾ ਹੈ ਕਿ ਸਾਮਰਾਜੀਆਂ ਅਤੇ ਉਨ੍ਹਾਂ ਦੀਆ ਪਿੱਠੂ ਸਰਕਾਰਾਂ ਦੇ ਮੁਕਾਬਲੇ ਲੋਕ ਸ਼ਕਤੀ ਮਹਾਨ ਹੁੰਦੀ ਹੈ।ਆਖਰ ਵਿੱਚ ਇਸ ਜੰਗ ਦਾ ਕੋਈ ਵੀ ਨਤੀਜਾ ਸਾਹਮਣੇ ਆਵੇ, ਪਰ ਹੁਣ ਤੱਕ ਈਰਾਨ ਦੇਸ਼ ਦੀ ਸਰਕਾਰ ਅਤੇ ਈਰਾਨੀ ਜਨਤਾ ਦੀ ਇਸਲਾਮੀ ਅਤੇ ਰਾਸ਼ਟਰੀ ਇਕਜੁਟਤਾ ਦੀ ਵਿਚਾਰਧਾਰਾ ਅਤੇ ਮਰ ਮਿਟਣ ਦੀ ਭਾਵਨਾ ਨੇ ਸਾਬਤ ਕਰ ਦਿੱਤਾ ਹੈ ਕਿ ਮਨੁੱਖ ਜਾਂ ਮਨੁੱਖੀ ਸਮੂਹ ਆਪਣੇ ਤੋਂ ਵਧੇਰੇ ਸ਼ਕਤੀਸਾਲੀ ਤਾਕਤ ਨੂੰ ਇਕ ਠੋਸ ਵਿਚਾਰਧਾਰਾ ਤਹਿਤ ਨਿਡਰਤਾ, ਸਮਰਪਣ ਅਤੇ ਵੱਡੇ ਆਤਮ ਵਿਸ਼ਵਾਸ ਦੀ ਸ਼ਕਤੀ ਨਾਲ ਹਰਾ ਸਕਦਾ ਹੈ ।

**# ਸੰਪਰਕ : 98142-90163**

# ਰਿਸ਼ਤਿਆਂ ਦਾ ਨਿੱਘ

**ਜਗਦੇਵ ਸ਼ਰਮਾ ਬੁਗਰਾ**

ਮੌਜੂਦਾ ਦੌਰ ਪਦਾਰਥਵਾਦ ਦਾ ਦੌਰ ਹੈ । ਅੱਜ ਦੇ ਇਸ ਦੌਰ ਵਿੱਚ ਕੁੱਲ ਚੀਜ਼ ਪੈਸਿਆਂ ਵਿੱਚ ਤੋਲੀ ਜਾਣ ਲੱਗ ਪਈ ਹੈ । ਇਥੋਂ ਤੱਕ ਕਿ ਰਿਸ਼ਤੇ ਵੀ ਮੁੱਲ ਦੇ ਹੋ ਕੇ ਰਹਿ ਗਏ ਹਨ । 'ਤੂੰ ਸਾਡੇ ਆਵੇਂਗਾ ਤਾਂ ਕੀ ਲੈ ਕੇ ਆਵੇਂਗਾ ਅਤੇ ਅਸੀਂ ਤੇਰੇ ਆਵਾਂਗੇ ਤਾਂ ਕੀ ਦੇਵੇਂਗਾ।' ਵਾਲੀ ਸੋਚ ਭਾਰੂ ਹੈ । ਨਿਰਸਵਾਰਥ ਰਿਸ਼ਤਿਆਂ ਦਾ ਜਿਵੇਂ ਕਾਲ ਪੈ ਗਿਆ ਹੋਵੇ । ਸ਼ਰੀਕ ਬਣੋ, ਪਰ ਦੁੱਖ-ਸੁੱਖ ਦੇ , ਨਾ ਕਿ ਦੁੱਖ ਦੇਣ ਲਈ ।

ਹਾਲੇ ਗੱਲਾਂ ਪੁਰਾਣੀਆਂ ਨਹੀਂ ਹੋਈਆਂ । ਸੰਧਾਰੇ, ਸੂਸ਼ਕ, ਨਾਨਕਸ਼ੱਕ ਆਦਿ ਰਿਸ਼ਤੇ ਨਿਭਾਉਣ ਦੇ ਬਹਾਨੇ ਹੁੰਦੇ ਸਨ । ਵਿਆਹ ਵੇਲੇ ਨਿਉਂਦਾ ਕੋਕਾ ਪਾਉਣ ਦਾ ਰਿਵਾਜ ਵਿਆਹ ਵਾਲੇ ਪਰਵਾਰ ਨੂੰ ਇਸ ਸਾਂਝ ਦਾ ਅਹਿਸਾਸ ਕਰਵਾਉਣ ਲਈ ਹੁੰਦਾ ਸੀ ਕਿ ਸਾਰੇ ਰਿਸ਼ਤੇਦਾਰ ਇੱਕ-ਦੂਜੇ ਦੇ ਨਾਲ ਖੜ੍ਹੇ ਹਨ । ਹਾੜ੍ਹੀ-ਸਾਉਣੀ ਤੋਂ ਵਿਹਲਾ ਹੋਇਆ ਜੱਟ ਹਫਤਾ-ਹਫਤਾ ਭਰ ਰਿਸ਼ਤੇਦਾਰੀ 'ਚ ਗਿਆ ਮੁੜਦਾ ਨਹੀਂ ਸੀ ਹੁੰਦਾ । ਹੁਣ ਅਸੀਂ ਰਿਸ਼ਤੇਦਾਰੀ ਵਿੱਚ ਵਿਆਹ ਸ਼ਾਦੀ ਵੇਲੇ ਜਾਂ ਭੋਗ 'ਤੇ ਜਾਂਦੇ ਹਾਂ । ਵਿਆਹ ਵਿੱਚ ਖਾਣਾ ਲੱਗ ਜਾਣ ਵੇਲੇ ਤੱਕ ਦਾ ਅਤੇ ਭੋਗ ਉੱਤੇ ਦੇਗ ਵਰਤਾਏ ਜਾਣ ਵੇਲੇ ਤੱਕ ਦਾ ਹੀ ਸਮਾਂ ਹੁੰਦਾ ਹੈ, ਸਾਡੇ ਕੋਲ । ਮੈਂ ਦਸਵੀਂ ਪਾਸ ਕਰਕੇ ਕਾਲਜ ਵਿੱਚ ਦਾਖਲਾ ਲੈ ਲਿਆ, ਪ੍ਰੰਤੂ 25-26 ਕਿਲੋਮੀਟਰ ਦੂਰ ਕਾਲਜ ਦੇ ਰੋਜ਼ਾਨਾ ਦੇ ਸਫ਼ਰ ਦੀ ਸਮੱਸਿਆ ਸੀ । ਹੋਟਲ ਵਿੱਚ ਰੱਖ ਕੇ ਪੜ੍ਹਾਉਣ ਦੀ ਮੇਰੇ ਮਾਪਿਆਂ ਵਿੱਚ ਪੁੱਜਤ ਨਹੀਂ ਸੀ । ਅਜਿਹੇ ਵਿੱਚ ਮੇਰੇ ਨਾਨਕਾ ਪਰਵਾਰ, ਜਿਹੜਾ ਕਿ ਕਾਲਜ ਤੋਂ ਚਾਰ ਕੁ ਕਿਲੋਮੀਟਰ ਦੀ ਦੂਰੀ 'ਤੇ ਸੀ, ਨੇ ਮੈਨੂੰ ਆਪਣੇ ਕੋਲ ਰੱਖ ਕੇ ਪੜ੍ਹਾਉਣ ਦੀ ਜ਼ੁੰਮੇਵਾਰੀ ਓਟ ਲਈ ।

ਵਰਤਮਾਨ ਵਿੱਚ ਰਿਸ਼ਤੇਦਾਰੀਆਂ ਵਿੱਚ ਜੇਕਰ ਖਟਾਸ ਨਹੀਂ ਤਾਂ ਬਹੁਤੀ ਮਿਠਾਸ ਵੀ ਨਹੀਂ । ਨੂੰਹ ਦੀ ਸੱਸ ਨਾਲ ਨਹੀਂ ਬਣਦੀ, ਜੀਜੇ ਸਾਲੇ ਦੀ ਨਹੀਂ ਬਣਦੀ , ਨਣਦ-ਭਰਜਾਈ ਨੂੰ ਮਾਰ ਖੁੰਡਾਹੀ ਗਾਂ ਵਾਗ ਝਾਕਦੀ ਹੈ ਅਤੇ ਦਰਾਣੀ ਜੇਠਾਣੀ ਨੂੰ ਇੱਕ-ਦੂਜੀ ਦੀਆਂ ਚੁਗਲੀਆਂ ਤੋਂ ਵਿਹਲ ਨਹੀਂ । ਚਾਚੇ-ਤਾਏ ਇੱਕ-ਦੂਜੇ ਦੇ ਸ਼ਰੀਕ ਹੁੰਦੇ ਹਨ । ਜੜ੍ਹਾਂ ਵਿੱਚ ਦਾਤੀ ਫੇਰਨ ਦੀ ਕਹਾਵਤ 'ਤੇ ਖਰੇ ਉਤਰਨਾ ਫਰਜ਼ ਸਮਝਿਆ ਜਾਂਦਾ ਹੈ । ਮਾਂ ਜਾਇਆ ਮੇਰੇ ਨਾਲੋਂ ਅੱਗੇ ਕਿਵੇਂ ਨਿਕਲ ਗਿਆ, ਦਾ ਸੇਕ ਹੰਢਾਇਆ ਜਾਂਦਾ ਹੈ । ਜਨਮ ਦੇਣ ਵਾਲੇ, ਦੁਨੀਆ ਦਿਖਾਉਣ ਵਾਲੇ ਮਾਂ-ਬਾਪ ਤੋਂ ਘਰ ਦਾ ਖਰਚਾ ਵਸੂਲਦੇ ਰੱਜੇ-ਪੁੱਜੇ ਧੀਆਂ ਪੁੱਤ ਮੈਂ ਅੱਖੀਂ ਦੇਖੇ ਹਨ । ਜਿਹੜੇ ਮਾਂ-ਬਾਪ ਨੇ ਆਪਣੀਆਂ ਖੁਸ਼ੀਆਂ ਕੁਰਬਾਨ ਕਰਕੇ ਸਾਨੂੰ ਖੁਸ਼ ਦੇਖਣਾ ਚਾਹਿਆ, ਬੁਢਾਪੇ ਵਾਰ ਅਸੀਂ ਉਹਨਾਂ ਦੀ ਡੰਗੋਰੀ ਨਹੀਂ ਬਣ ਸਕਦੇ , ਲੱਖ ਦੀ ਲਾਹਨਤ ਹੈ ਅਜਿਹੇ ਸਰਵਣਾਂ 'ਤੇ । ਜਿਹੜੇ ਮਾਂ-ਪਿਓ ਆਪਣਾ ਖਰਚਾ ਨਹੀਂ ਚੁੱਕ ਸਕਦੇ, ਉਹਨਾਂ ਨੂੰ ਬਿਰਧ ਆਸ਼ਰਮ ਸੰਭਾਲਦੇ ਹਨ । ਨੂੰਹ ਸੱਸ-ਸਹੁਰੇ ਨੂੰ ਮਾਂ-ਬਾਪ ਨਹੀਂ ਬਣਾਉਂਦੀ ਅਤੇ ਕਈ ਵਾਰ ਸੱਸ-ਸਹੁਰਾ ਨੂੰਹ ਨੂੰ ਧੀ ਨਹੀਂ ਸਮਝਦੇ ਅਤੇ ਦੋਵੇਂ ਧਿਰਾਂ ਰਿਸ਼ਤਿਆਂ ਦੇ ਨਿੱਘ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ ।

ਮੈਂ ਮੇਰੇ ਵੱਡੇ ਬੇਟੇ ਦੀ ਪੱਕ-ਠੱਕ ਕਰਕੇ ਆਇਆ । ਮੈਨੂੰ ਮੇਰੇ ਭੂਆ ਜੀ ਪੁੱਛਣ ਲੱਗੇ, 'ਨੂੰਹ ਦੇਖ ਕੇ ਆਇਐਂ ,ਕਿਵੇਂ ਜਿਹਾ ਲੱਗਿਆ ?'

'ਭੂਆ ਜੀ ! ਕੱਲ੍ਹ ਤੱਕ ਮੈਂ ਤਿੰਨ ਬੱਚਿਆਂ ਦਾ ਪਿਓ ਸਾਂ, ਅੱਜ ਤੋਂ ਮੈਂ ਚਾਰ ਬੱਚਿਆਂ ਦਾ ਬਾਪ ਹੋ ਗਿਆ ਹਾਂ ।' ਮੇਰਾ ਜਵਾਬ ਸੀ । ਨਤੀਜਾ , 16 ਸਾਲ ਤੱਕ ਨੂੰਹ-ਸੱਸ ਨੇ ਇੱਕਠੀਆਂ ਬੈਠ ਕੇ ਖਾਣਾ ਖਾਧਾ ਅਤੇ ਅੱਜ ਤੱਕ ਵੀ ਕਦੇ ਮਿਹਣੋ-ਮਿਹਣੀ ਹੁੰਦੀਆਂ ਨਹੀਂ ਦੇਖੀਆਂ ਗਈਆਂ ।

ਵਿਆਹ ਇੱਕ ਨਵੇਂ ਪਵਿੱਤਰ ਰਿਸ਼ਤੇ ਦੀ ਨੀਂਹ ਰੱਖਣ ਲਈ ਕੀਤਾ ਜਾਂਦਾ ਹੈ ਅਤੇ ਮੁੰਡੇ-ਕੁੜੀ ਨੇ ਬੜੇ ਚਾਵਾਂ ਨਾਲ ਗ੍ਰਹਿਸਥ ਜੀਵਨ ਦੇ ਪੰਧ 'ਤੇ ਅੱਗੇ ਵਧਣਾ ਹੁੰਦਾ ਹੈ । ਇੱਕ ਧੀ ਦੇ ਪਿਓ ਦਾ ਮਨ ਦੁਖੀ ਕਰਕੇ ਜੇਕਰ ਰਿਸ਼ਤਾ ਜੋੜੋਗੇ, ਫਿਰ ਬਰਕਤ ਕਿੱਥੋਂ ਭਾਲੋਗੇ ? ਅਜਿਹੇ ਸ਼ੁੱਧ ਵਿਚਾਰ ਅਪਣਾਉਣ ਨਾਲ ਧੀਆਂ ਬੋਝ ਨਹੀਂ ਲੱਗਣਗੀਆਂ ।

ਪਰਵਾਰ ਵਧਣ ਕਾਰਨ ਪਰਵਾਰਾਂ ਦਾ ਵੱਖੋ ਵੱਖ ਹੋਣਾ ਵੀ ਸੁਭਾਵਕ ਹੀ ਹੈ । ਵੈਸੇ ਵੀ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਕਬੂਲਦਿਆਂ ਸਾਡਾ ਸਮਾਜ ਏਕਲ ਪਰਵਾਰਾਂ ਵੱਲ ਵਧ ਰਿਹਾ ਹੈ । ਇਸ ਵਿੱਚ ਕੋਈ ਮਾੜੀ ਗੱਲ ਵੀ ਨਹੀਂ । ਡਾਂਗਾਂ ਸੋਟੇ ਹੋਣ ਨਾਲੋਂ ਜੇਕਰ ਆਪਸੀ ਸਹਿਮਤੀ ਨਾਲ ਵੰਡ-ਵੰਡਾਈ ਕਰ ਲਈ ਜਾਵੇ , ਉਸ ਵਰਗੀ ਰੀਸ ਨਹੀਂ ਹੁੰਦੀ । ਅਜਿਹੇ ਵਿੱਚ



ਭਾਈ ਭਾਈ ਬਣੇ ਰਹਿਣਗੇ, ਜੇਠਾਣੀ ਆਪਣੀ ਦਰਾਣੀ ਨੂੰ ਧੀ ਦਾ ਪਿਆਰ ਦੇਵੇਗੀ ਅਤੇ ਦਰਾਣੀ ਆਪਣੀ ਜੇਠਾਣੀ ਨੂੰ ਹਮੇਸ਼ਾ ਦੀਦੀ ਸ਼ਬਦ ਨਾਲ ਹੀ ਸੰਬੋਧਤ ਹੋਵੇਗੀ।

ਸਾਫ਼ਗੋਈ ਰਿਸ਼ਤਿਆਂ ਨੂੰ ਪਰਿਪੱਕ ਬਣਾਉਣ ਵਿੱਚ ਸਹਾਈ ਹੁੰਦੀ ਹੈ । ਓਹਲਾ ਰੱਖ ਕੇ ਕੀਤੀਆਂ ਗੱਲਾਂ ਨੁਕਸਾਨਦਾਇਕ ਹੀ ਸਿੱਧ ਹੁੰਦੀਆਂ ਹਨ । ਬਾਈ ਸਾਲ ਪਹਿਲਾਂ ਮੈਂ ਮੇਰੀ ਬੇਟੀ ਦੀ ਸ਼ਾਦੀ ਕੀਤੀ । ਮੁੰਡੇ ਵਾਲੇ ਇੱਕ ਡੇਰੇ ਦੇ ਸ਼ਰਧਾਲੂ ਸਨ । ਮੇਰੇ ਕੁੜਮ ਸਾਹਿਬ ਨੇ ਮੈਨੂੰ ਡੇਰੇ ਲਿਜਾਣ ਦੀ ਇੱਛਾ ਪ੍ਰਗਟ ਕੀਤੀ ।'ਹਾਂ , ਮੈਂ ਚੱਲਾਂਗਾ , ਪਿਕਨਿਕ ਦੇ ਤੌਰ 'ਤੇ , ਪ੍ਰੰਤੂ ਕੋਈ ਦੀਖਸ਼ਾ ਲੈਣ ਦੇ ਮੰਤਵ ਨਾਲ ਨਹੀਂ।' ਮੇਰੇ ਕੁੜਮ ਸਾਹਿਬ ਅੱਜ ਤੱਕ ਵੀ ਮੇਰੀ ਸਾਫ਼ਗੋਈ ਦੇ ਕਾਇਲ ਹਨ ਅਤੇ ਅਸੀਂ ਵਧੀਆ ਰਿਸ਼ਤੇਦਾਰੀ ਨਿਭਾ ਰਹੇ ਹਾਂ।

ਕੀ ਤੁਹਾਡੀਆਂ ਨੂੰਹਾਂ / ਪੋਤ ਨੂੰਹਾਂ ਲਈ ਝੁਕ ਕੇ ਪੈਰੀਂ ਹੱਥ ਲਾ ਕੇ ਹੀ ਅਸ਼ੀਰਵਾਦ ਲੈਣ ਦੇਣ ਦਾ ਇੱਕੋ ਇੱਕ ਤਰੀਕਾ ਹੈ ਅਤੇ ਇਹੋ ਤਰੀਕਾ ਤੁਹਾਡੀ ਧੀ ਆਪਣੇ ਸੱਸ-ਸਹੁਰੇ ਨਾਲ ਵਰਤੇ । ਕੀ ਦੋਵੇਂ ਹੱਥ ਜੋੜ ਕੇ ਅਦਬ ਨਾਲ ਸਤਿ ਸ੍ਰੀ ਆਕਾਲ ਜਾਂ ਨਮਸਕਾਰ ਕਹਿ ਕੇ ਭਾਵਨਾਵਾਂ ਨਹੀਂ ਪ੍ਰਗਟਾਈਆਂ ਜਾ ਸਕਦੀਆਂ ? ਘੱਟੋ-ਘੱਟ ਮੈਂ ਤਾਂ ਆਪਣੇ ਸਾਰੇ ਰਿਸ਼ਤੇਦਾਰਾਂ, ਖਾਸ ਤੌਰ 'ਤੇ ਨੂੰਹਾਂ, ਪੋਤ-ਨੂੰਹਾਂ ਨੂੰ ਅਜਿਹੇ ਵਰਤਾਰੇ ਤੋਂ ਮਨ੍ਹਾ ਕੀਤਾ ਹੋਇਆ ਹੈ ।

ਘਰ ਵਿੱਚ ਜੇਕਰ ਇੱਕ ਜੀਅ ਵੀ ਸਮਝਦਾਰ ਜੰਮ ਪਵੇ ਜਾਂ ਕਹਿ ਲਵੋ ਆ ਜਾਵੇ , ਜਿਸ ਨੂੰ ਰਿਸ਼ਤੇਦਾਰੀਆਂ ਨਿਭਾਉਣੀਆਂ ਆਉਂਦੀਆਂ ਹੋਣ ,ਉਹ ਇਕੱਲਾ ਹੀ ਘਰ ਦੀ ਗੱਡੀ ਨੂੰ ਸਹੀ ਲੀਹ 'ਤੇ ਲੈ ਆਉਂਦਾ ਹੈ । ਜੀਜੇ-ਸਾਲੇ ਦੀ ਕਿਸੇ ਗੱਲੋਂ ਬਣਨੋ ਹਟ ਗਈ ਅਤੇ ਰਿਸ਼ਤੇਦਾਰੀ ਟੁੱਟ ਗਈ । ਇਥੋਂ ਤੱਕ ਕਿ ਰੁੱਸਿਆ ਹੋਇਆ ਜੀਜਾ ਇੱਕੋ-ਇੱਕ ਸਾਲੇ ਦੇ ਇੱਕੋ-ਇੱਕ ਪੁੱਤ ਦੇ ਵਿਆਹ 'ਤੇ ਵੀ ਨਾ ਗਿਆ । ਵਿਆਹ ਤਾਂ ਹੋ ਹੀ ਜਾਣਾ ਸੀ ਅਤੇ ਹੋ ਵੀ ਗਿਆ । ਸਾਲੇ ਦੀ ਵਿਆਹ ਕੇ ਲਿਆਂਦੀ ਨੂੰਹ ਸੰਸਕਾਰਾਂ ਭਰਪੂਰ ਸੀ, ਜਿਸ ਦੇ ਖੁਦ ਦੇ ਵਿਆਹ 'ਤੇ ਫੁੱਫੜ ਨਹੀਂ ਸੀ ਗਿਆ, ਉਸ ਸਿਆਣੀ ਨੂੰਹ ਨੇ ਆਪਣੇ ਸਹੁਰਿਆਂ ਨੂੰ ਮਜਬੂਰ ਕਰਕੇ ਦੋਵੇਂ ਪਰਵਾਰਾਂ ਨੂੰ ਮੁੜ ਕੇ ਜੋੜ ਦਿੱਤਾ ਅਤੇ ਵਰਤਣ ਲਾ ਦਿੱਤਾ । ਅੱਜ ਵੀ ਜੀਜੇ-ਸਾਲੇ ਦਾ ਪਰਵਾਰ ਇੱਕ ਦੂਜੇ ਉੱਪਰ ਜਾਨ ਛਿੜਕਦੇ ਹਨ ।

ਤੁਹਾਡਾ ਹੱਥ ਜਦੋਂ ਵੀ ਉੱਠੇ, ਸਿਰਫ ਆਸ਼ੀਰਵਾਦ ਦੇਣ ਲਈ, ਸਿਰ ਪਲੋਸਣ ਲਈ ਜਾਂ ਫਿਰ ਜੱਫੀ ਪਾਉਣ ਲਈ ਹੀ ਉੱਠੇ, ਨਾ ਕਿ ਮਿਹਣਾ ਦੇਣ ਲਈ, ਫਿਰ ਦੇਖਣਾ ਘਰ ਕਿਸ ਤਰਾਂ ਸਵਰਗ ਦਾ ਨਮੂਨਾ ਜਾਪੇਗਾ ਅਤੇ ਤੁਹਾਡਾ ਇਸ ਦੁਨੀਆਂ 'ਤੇ ਆਉਣਾ ਸਾਰਥਕ ਹੋ ਜਾਵੇਗਾ ।

**# ਸੰਪਰਕ: 98727-87243**

# ਰੰਗਮੰਚ ਅਤੇ ਨਾਟਕ ਪੰਜਾਬੀ ਸਾਹਿਤ ਦੀ ਧੜਕਣ

**ਬਲਜੀਤ ਬੱਲ**

ਜਿਵੇਂ ਅਸੀਂ ਜਾਣਦੇ ਹੀ ਹਾਂ ਕਿ 27 ਮਾਰਚ ਨੂੰ ਅਸੀਂ ਵਿਸ਼ਵ ਰੰਗਮੰਚ ਦਿਹਾੜਾ ਮਨਾਉਂਦੇ ਹਾਂ । ਇਹ ਵਿਧਾ 27 ਮਾਰਚ 1961 ਤੋਂ ਵਿਸ਼ਵ ਪੱਧਰ 'ਤੇ ਸ਼ੁਰੂ ਹੋਈ। ਰੰਗਮੰਚ ਤੇ ਨਾਟਕ ਇੱਕ-ਦੂਜੇ ਦੇ ਪੂਰਕ ਵੀਹਵੀ ਸਦੀ ਵਿੱਚ ਜਨਮੇ ਅਤੇ ਸਾਡੀ ਭਾਰਤੀ ਸੰਸਕ੍ਰਿਤੀ ਦੀਆਂ ਪੈੜਾਂ ਤੋਂ ਥੋੜ੍ਹਾ ਵੱਖਰਾ ਹੋ ਕੇ ਪੁਨਰ ਸੁਰਜੀਤ ਹੋਣ ਕਰਕੇ ਅਸੀਂ ਸਮੁੱਚੇ ਪੰਜਾਬੀ ਨਾਟਕ ਨੂੰ ਨਵਾਂ ਨਾਟਕ ਆਖਦੇ ਹਾਂ।

ਨਾਟਕ ਕੀ ਹੈ ? ਰੰਗਮੰਚ ਕੀ ਹੈ ? ਇਹ ਸਹਿਤ ਦੀ ਉਹ ਵਿਧਾ ਹੈ, ਜਿਹੜੀ ਆਪਣੀ ਗੱਲ ਕਹਿਣ ਲਈ ਤੁਹਾਡੇ ਸਾਹਮਣੇ ਤੁਹਾਡੀ ਹੀ ਭਾਸ਼ਾ 'ਚ ਗੱਲ ਕਰਨ ਦੀ ਕਲਾ ਰੰਗ-ਮੰਚ ਹੈ.। ਉਸ ਦਾ ਲਿਖਤੀ ਸੰਵਾਦ ਨਾਟਕ, ਰੰਗ ਮੰਚ ਐਕਸ਼ਨ ਹੈ, ਵੇਸ ਭੂਸ਼ਾ ਹੈ, ਜਜ਼ਬਾ ਹੈ, ਸੁਨੇਹਾ ਹੈ, ਯਥਾਰਥ ਹੈ, ਕਿਰਤ ਹੈ..ਆਓ! ਇੱਕ ਝਾਤ ਮਾਰਦੇ ਹਾਂ ਨਾਟਕ ਦੇ ਵਿਸਥਾਰ ਦੀ..

ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਨੌਰਾ ਰਿਚਰਡ ਦੇ ਯਤਨਾਂ ਸਦਕਾ ਲਾਹੌਰ ਕਾਲਜ ਦੇ ਮੰਚ 'ਤੇ ਪੰਜਾਬੀ ਵਿੱਚ ਨਾਟ ਮੰਚਣ ਦੀ ਪਿਰਤ ਸ਼ੁਰੂ ਹੋਈ।ਆਧੁਨਿਕ ਭਾਂਤ ਦੇ ਸਾਹਿਤਕ ਨਾਟਕ ਦਾ ਆਰੰਭ ਈਸ਼ਵਰ ਚੰਦਰ ਨੰਦਾ ਰਾਹੀਂ ਮਿਸਿਜ਼ ਨੌਰਾ ਦੀ ਪ੍ਰੇਰਨਾ ਸਦਕਾ 1913 'ਚ ਹੋਇਆ। 1913 ਤੋਂ ਪਹਿਲਾਂ ਅਤੇ ਉਸ ਦੇ ਸਮਾਨੰਤਰ ਚਾਰ ਤਰ੍ਹਾਂ ਦੀਆਂ ਨਾਟਕੀ ਤੇ ਰੰਗਮੰਚੀ ਸਥਿਤੀਆਂ ਸਪੱਸ਼ਟ ਦੇਖੀਆਂ ਜਾ ਸਕਦੀਆਂ ਹਨ:

ਲੋਕ ਨਾਟ ਪਰੰਪਰਾ/ ਰਾਮਲੀਲ੍ਹਾ
ਸੰਸਕ੍ਰਿਤੀ ਨਾਟਕ
ਪਾਰਸੀ ਰੰਗਮੰਚ
ਪੰਜਾਬ ਵਿੱਚ ਰਹਿੰਦੇ ਅੰਗਰੇਜ਼ਾਂ ਦੀਆਂ ਨਾਟ ਮੰਡਲੀਆਂ

ਪੰਜਾਬੀ ਦਾ ਪਹਿਲਾ ਮੌਲਿਕ ਨਾਟਕ ਚੰਦਰ ਹਰੀ 1909 ਪਾਰਸੀ ਸ਼ੈਲੀ ਦੀ ਰਚਨਾ ਹੈ ਤੇ ਪਾਰਸੀ ਰੰਗਮੰਚ ਨਵੀਂ ਜਨਮੀ ਪੰਜਾਬੀ ਚੇਤਨਾ ਨਾਟਕ ਰੰਗ ਮੰਚ ਦੀ ਪਹਿਲੀ ਪਹਿਚਾਣ ਹੈ।' ਜਿਸ ਦਾ ਵਜੂਦ ਇਪਟਾ ਲਹਿਰ ਦੇ ਉਭਾਰ ਤੱਕ ਨਜ਼ਰ ਆਉਂਦਾ ਰਹਿੰਦਾ ਹੈ। ਪੰਜਾਬੀ ਨਾਟਕ ਦੇ ਬਦਲਦੇ ਪਰਪੇਖ ਨੂੰ ਵੱਖ-ਵੱਖ ਪੜਾਵਾਂ ਤੋਂ ਵਾਚਣ ਲਈ ਇਸ ਦੇ ਇਤਿਹਾਸਕ ਸਫਰ ਦੀ ਜਾਣਕਾਰੀ ਹੋਣਾ ਵੀ ਜ਼ਰੂਰੀ ਹੈ।

ਪਹਿਲਾ ਪੜਾਅ 1947 ਤੋਂ ਪਹਿਲਾਂ
ਦੂਜਾ ਪੜਾਅ 1947 ਤੋਂ ਬਾਅਦ
ਤੀਜਾ ਪੜਾ 1975 ਤੱਕ
ਚੌਥਾ 1990 ਤੋਂ ਬਾਅਦ

1913 'ਚ ਈਸ਼ਵਰ ਚੰਦਰ ਨੰਦਾ ਨੇ ਪੰਜਾਬੀ ਨਾਟਕ ਦਾ ਜਨਮ ਹੋਇਆ ਇਕਾਂਗੀ 'ਸੁਹਾਗ' ਰਾਹੀਂ ਆਧੁਨਿਕ ਪੰਜਾਬੀ ਨਾਟਕ ਦਾ ਜਨਮ ਮੰਨਿਆ ਜਾਂਦਾ ਹੈ। ਆਦਰਸ਼ਵਾਦੀ ਸੁਧਾਰਵਾਦੀ ਪਰਵਿਰਤੀ ਅਧੀਨ ਨਵੇਂ ਪਰਤੀਕ ਦੇ ਅੰਤਰਗਤ ਪੇਸ਼ ਕੀਤਾ। ਭਾਵੇਂ ਨੰਦਾ ਤੋਂ ਪਹਿਲਾਂ ਭਾਈ ਵੀਰ ਸਿੰਘ ਦਾ ਨਾਟਕ ਰਾਜਾ ਲੱਖ ਦਾਤਾ ਸਿੰਘ ਅਤੇ ਰੁੜ ਸਿੰਘ ਤਾਲਿਬ ਨੇ ਸੁੱਕੇ ਸਮੁੰਦਰ ਦਾ ਵਿਸ਼ਾ ਸਮਾਜ ਸੁਧਾਰ ਸੀ, ਪਰ ਨੰਦਾ ਨੇ ਨਵੀਂ ਪਿਰਤ ਪਾਈ। 1937 'ਚ ਹਰਚਰਨ ਸਿੰਘ, ਸੰਤ ਸਿੰਘ ਸੇਖੋਂ ਦੁਆਰਾ ਸਮਾਜਿਕ ਸਰੋਕਾਰਾਂ ਨਾਲ ਇਤਿਹਾਸਕ ਪ੍ਰਵਿਰਤੀ, ਇਤਿਹਾਸ ਦੇ ਪੰਨੇ ਫੋਲਦੇ ਹੋਏ ਇਤਿਹਸਿਕ ਪਾਤਰ ਵੀ ਮੰਚ 'ਤੇ ਪੇਸ਼ ਕੀਤੇ ।

1947 ਤੱਕ ਹਰਚਰਨ ਸਿੰਘ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ ਗੁਰਦਿਆਲ ਸਿੰਘ ਫੁੱਲ, ਕਰਤਾਰ ਸਿੰਘ ਦੁੱਗਲ ਆਦਿ ਪਹਿਲੀ ਪੀੜ੍ਹੀ ਦੇ ਨਾਟਕਕਾਰਾਂ ਨੇ ਆਪਣੀ ਨਾਟਕੀ ਖੇਤਰ ਰਾਹੀਂ ਪੰਜਾਬੀ ਨਾਟਕ ਦੇ ਵਿਕਾਸ ਵਿੱਚ ਯੋਗਦਾਨ ਪਾਇਆ।

1947 ਦੀ ਵੰਡ ਤੋਂ ਬਾਅਦ ਨਾਟਕ ਨੇ ਨਵਾਂ ਰੁਖ ਅਪਣਾ ਲਿਆ। ਦੇਸ਼ ਦੀ ਵੰਡ ਦੀਆਂ ਪਰਿਸਥਿਤੀਆਂ ਅਧੀਨ ਨਵੇਂ ਵਿਸ਼ੇ ਸ਼ਹੀਦੀਆਂ, ਦੁਖਾਂਤ, ਸ਼ਹਾਦਤਾਂ ਦੀ ਗੱਲ ਨਾਟਕਾਂ ਦੇ ਰੂਪ ਵਿੱਚ ਮੰਚ 'ਤੇ ਆਈ।ਭਗਤ ਸਿੰਘ ਦਾ ਅਧੂਰਾ ਸੁਫਨਾ, ਜਾਤੀ ਦਾ ਸੰਕਲਪ, ਉਸ ਦੇ ਕ੍ਰਾਂਤੀਕਾਰੀ ਹੋਣ ਦਾ ਜਜ਼ਬਾ ਯਥਾਰਥਵਾਦੀ ਸੋਚ ਦਾ ਜਜ਼ਬਾ। ਹਰਚਰਨ ਸਿੰਘ ਗੁਰਦਿਆਲ ਸਿੰਘ, ਫੁੱਲ ਵਰਗੇ ਨਾਟਕਕਾਰਾਂ ਨੇ ਕਾਫੀ ਦੂਰ ਤੱਕ ਲੈ ਆਂਦਾ, ਪਰ ਇਸ ਨੂੰ ਕਿਸੇ ਨਿਸਚਿਤ ਵਿਚਾਰਧਾਰਾ ਜਾਂ ਵਿਗਿਆਨਕ ਸੋਚ ਨਾਲ ਜੋੜ ਨਾ ਸਕੇ।

ਇਸ ਸਮੇਂ ਵਿੱਚ ਅਜਮੇਰ ਸਿੰਘ ਔਲਖ ਯਥਾਰਥਵਾਦੀ ਚੇਤਨਾ ਦੇ ਅੰਦਰ ਇੱਕ ਨਿਸਚਿਤ ਵਿਚਾਰਧਾਰਕ ਤੇ ਰਾਜਸੀ ਚੇਤਨਾ ਦਾ ਸਮਾਂਵੇਸ ਵੀ ਹੋਇਆ ਤੇ ਵੇਖਿਆ ਜਾ ਸਕਦਾ ਹੈ। ਚਰਨ ਦਾਸ ਸਿੱਧੂ ਦੇ ਦਿੱਲੀ ਵਿੱਚ ਯਥਾਰਥਵਾਦ ਨੂੰ ਪ੍ਰਕਿਰਤੀਵਾਦ ਤੱਕ ਪਹੁੰਚਦਿਆਂ ਵੀ ਦੇਖ ਸਕਦੇ ਹਾਂ ।

ਇਪਟਾ ਦੀ ਪਹੁੰਚ ਰਾਜਸੀ ਝੁਕਾਅ ਕਾਰਨ ਘਟ ਗਈ ਸੀ, ਪਰ ਪਰੰਪਰਾਵਾਂ ਤੋਂ ਹਟ ਕੇ ਪੰਜਾਬੀ ਨਾਟਕ ਅੰਦਰ ਪਿਛਲੇ ਕੁਝ ਸਾਲਾਂ ਵਿੱਚ ਵਿਸ਼ੇ ਅਤੇ ਵਿਧੀ ਦੋਵੇਂ ਪੱਖੋਂ ਨਵੀਨਤਾ ਤੇ ਸੱਜਰੇਪਣ ਅਹਿਸਾਸ ਹੁੰਦਾ ਹੈ।

ਮੰਨਣਯੋਗ ਹੈ ਕਿ ਪੰਜਾਬ ਵਿੱਚ ਐਮਰਜੈਂਸੀ ਦੌਰਾਨ ਕੋਈ ਵੀ ਰਚਨਾ ਸਿੱਧੇ ਰੂਪ ਵਿੱਚ ਨਹੀਂ ਮਿਲੀ। ਰਾਜਨੀਤਕ ਧਰਾਤਲ 'ਤੇ ਹੁਣ ਪੰਜਾਬੀ ਨਾਟਕ ਔਰਤਾਂ ਦੇ ਮਨਾਂ ਦੇ ਅੰਦਰ ਝਾਕਣ ਦੀ ਥਾਂ ਪੰਜਾਬੀ ਕੰਮੀਆਂ, ਕਿਰਤੀਆਂ ਦੇ ਵਿਹੜੇ ਵਿੱਚ ਝਾਕ ਰਿਹਾ ਹੈ।

ਐਮਰਜੈਂਸੀ ਤੋਂ ਬਾਅਦ ਖਾਲਿਸਤਾਨੀ ਲਹਿਰ ਦਾ ਪੈਦਾ ਹੋਣਾ ਪੰਜਾਬੀ ਸੰਕਟ ਦੇ ਤੌਰ 'ਤੇ ਜਾਣਿਆ ਜਾਂਦਾ ਹੈ । ਇਸ ਤਰ੍ਹਾਂ ਆਜ਼ਾਦੀ ਦੇ ਸੁਪਨੇ ਜ਼ਖਮ ਪੈਦਾ ਕਰਦੇ ਹਨ। ਧਰਮ ਸਮਾਜ ਤੇ ਤਿੱਖਾ ਪ੍ਰਤੀਕਰਮ ਇਸ ਵਿਧਾ ਰਾਹੀਂ ਸਾਹਮਣੇ ਆਇਆ। ਜੀਵਨ ਦਾ ਰਾਜਸੀ ਵਿਹਾਰ ਨਾਟ ਵਿਧਾ ਦਾ ਕੋਈ ਅੰਤਿਮ ਮਿਆਰ ਨਹੀਂ ਹੈ। ਗੱਲ ਸਿਰਫ ਸਮਾਜਿਕ ਸਰੋਕਾਰ ਦੀ ਹੈ। ਨਾਟਕ ਕਦੇ ਸਮਕਾਲੀ ਸਮਾਜ ਦੀਆਂ ਮੂਲ ਚਿੰਤਾਵਾਂ ਤੋਂ ਮੂੰਹ ਨਹੀਂ ਮੋੜ ਸਕਦਾ, ਬਿਨਾਂ ਸਮਾਜਿਕ ਸਰੋਕਾਰਾਂ ਦੇ ਨਾਟਕ ਸਿਰਫ ਮਨੋਰੰਜਨ ਰਹਿ ਜਾਂਦਾ ਹੈ।

ਬਲਵੰਤ ਗਾਰਗੀ, ਕਪੂਰ ਸਿੰਘ ਘੁੰਮਣ,ਹਰਚਰਨ ਸਿੰਘ ਤੇ ਗੁਰਚਰਨ ਸਿੰਘ ਜਸੂਜਾ ਨੇ ਨਾਟਕ ਦੇ ਸਫਰ ਦੀਆਂ ਸਿਖਰਾਂ ਨੂੰ ਛੋਹਿਆ। ਨਾਟਕਕਾਰੀ ਦਾ ਪ੍ਰਭਾਵ ਹੋਣਾ ਲਾਜ਼ਮੀ ਹੈ। ਆਤਮਜੀਤ, ਅਜਮੇਰ ਔਲਖ ਦੇ ਨਾਟਕਾਂ ਤੇ ਪ੍ਰਯੋਗਸ਼ੀਲ ਲਹਿਰ ਦਾ ਪ੍ਰਭਾਵ ਸਾਫ ਨਜ਼ਰ ਆਇਆ, ਪਰ ਜਲਦੀ ਹੀ ਦੋਵੇਂ ਇਸ ਪ੍ਰਭਾਵ ਤੋਂ ਬਾਹਰ ਆ ਪੰਜਾਬੀ ਰੰਗਮੰਚ ਦੀਆਂ ਵਿਵਹਾਰਿਕ ਲੋੜਾਂ ਨਾਲ ਜੂਝਦੇ ਆਪਣਾ ਵਿਲੱਖਣ ਮੁਹਾਂਦਰਾ ਕਾਇਮ ਕਰਨ ਦੀ ਕੋਸ਼ਿਸ਼ ਕਰਦੇ ਹਨ।

ਇਹਨਾਂ ਸਮਿਆਂ ਵਿੱਚ ਹੀ ਭਾਜੀ ਗੁਰਸ਼ਰਨ ਸਿੰਘ ਨਿਵੇਕਲੇ ਢੰਗ ਨਾਲ ਇਸ ਖੇਤਰ ਵਿੱਚ ਆਏ। ਉਹ ਰੰਗਮੰਚ ਨਾਲ ਵਧੇਰੇ ਪ੍ਰਤੀਬੱਧਤਾ, ਲੋਕ ਚੇਤਨਾ ਨਾਲ ਜੁੜੇ।ਉਹ ਸਕ੍ਰਿਪਟ ਦੀ ਅਹਿਮੀਅਤ ਨਾਲੋਂ ਉਸ ਦਾ ਪ੍ਰਯੋਜਨ ਵਧੇਰੇ ਮਹੱਤਵਪੂਰਨ ਢੰਗ ਨਾਲ ਕਰਦੇ।ਇਸ ਕਰਕੇ ਉਹਨਾਂ ਦੇ ਕੰਮ ਦਾ ਮੁਲੰਕਣ ਉਸ ਦੇ ਪ੍ਰਯੋਜਨ ਦੀ ਪ੍ਰਸੰਗ ਵਿੱਚ ਕੀਤਾ ਜਾ ਸਕਦਾ ਹੈ। ਲੋਕ ਨਾਟ ਦੀਆਂ ਵਿਧੀਆਂ ਲੋਕਾਂ ਤੱਕ ਪੁੱਜਣ ਵਾਲੀਆਂ, ਜਿਵੇਂ ਨੁੱਕੜ ਨਾਟਕ, ਥੜ੍ਹਾ ਨਾਟਕ, ਗਰੀਬ ਰੰਗਮੰਚ ਵਿੱਚੋਂ ਨਿਕਲੀਆਂ ਹੋਣ ਕਰਕੇ ਵਿਸ਼ੇਸ਼ ਸਾਰਥਕਤਾ ਰੱਖਦੀਆਂ ਹਨ ।

ਨਾਟਕਕਾਰ ਆਤਮਜੀਤ, ਅਜਮੇਰ ਔਲਖ ਅਤੇ ਚਰਨ




ਦਾਸ ਸਿੱਧੂ ਵੀ ਵਿਹਾਰਕ ਪੱਖ ਤੋਂ ਨਾਟਕ ਨਾਲ ਆਪਣੇ ਖਿੱਤੇ ਵਿੱਚ ਆਪਣਾ ਮੁਹਾਂਦਰਾ ਬਣਾਉਂਦੇ ਨਜ਼ਰ ਆਏ। ਅਜਮੇਰ ਔਲਖ ਦੀ ਮੂਲ ਪਹਿਚਾਣ ਮਾਲਵੇ ਦੇ ਖੇਤਰ ਛੋਟੀ ਕਿਸਾਨੀ ਘੱਟ ਜ਼ਮੀਨ ਦੇ ਦੁੱਖ ਤੇ ਉਸਦੇ ਟੁੱਟਦੇ ਰਿਸ਼ਤਿਆਂ ਦੇ ਨਾਲ ਹੈ।

ਚਰਨ ਦਾਸ ਸਿੱਧੂ ਇਸ ਤੋਂ ਅੱਗੇ ਦੁਆਬੇ ਦੀ ਅੱਤ ਨਿਮਨ ਕਿਰਤੀ ਸ਼੍ਰੇਣੀ ਦੇ ਦੁੱਖ-ਸੁੱਖ, ਟੁੱਟਦੇ ਰਿਸ਼ਤੇ ਦੁਆਬੀ ਬੋਲੀ ਚ ਬਾਬਾ ਬੰਤੂ, ਅੰਬੀਆਂ ਨੂੰ ਤਰਸੇਂਗੀ ਵਰਗੇ ਨਾਟਕਾਂ ਦੇ ਪਾਤਰਾਂ ਰਾਹੀਂ ਸਾਡੇ ਸਾਹਮਣੇ ਆਇਆ.।

1980 ਵਿੱਚ ਵਿਸ਼ਵੀਕਰਨ ਤਬਦੀਲੀ ਨੇ ਸਾਹਿਤ ਨੂੰ ਪ੍ਰਭਾਵਿਤ ਕੀਤਾ। ਨਵੇਂ ਚਿੰਤਨ ਬਾਹਰ ਆਏ ਨਾਰੀ ਚੇਤਨਾ, ਦਲਿਤ ਚੇਤਨਾ, ਪਰਵਾਸੀ ਚੇਤਨਾ ਇਸ ਸਮੇਂ ਡਾਕਟਰ ਦਵਿੰਦਰ ਕੁਮਾਰ, ਮਨਜੀਤ ਪਾਲ ਕੌਰ, ਡਾ ਸਤੀਸ਼ ਵਰਮਾ, ਆਦਿ ਨਾਟਕਕਾਰ ਨਾਟਕ ਚੌਥੀ ਪੀੜ੍ਹੀ ਦੇ ਵਿੱਚ ਪ੍ਰਵੇਸ਼ ਕਰ ਗਿਆ। ਪਾਲੀ ਭੁਪਿੰਦਰ, ਕੇਵਲ ਧਾਲੀਵਾਲ,ਜਗਦੀਸ਼ ਸਚਦੇਵਾ, ਡਾਕਟਰ ਸਾਹਿਬ ਸਿੰਘ ਵਰਗੇ ਨਾਟਕਕਾਰ ਮੁੱਖ ਧਾਰਾ ਵਿੱਚ ਸ਼ਾਮਲ ਹੋਏ। ਨਾਟਕਕਾਰ ਡਾਕਟਰ ਸਵਰਾਜਬੀਰ ਦਾ ਨਾਂਅ ਜ਼ਿਕਰਯੋਗ ਹੈ, ਜੋ ਕਿ ਵੱਡੀ ਸੰਭਾਵਨਾ ਵਾਲਾ ਨਾਟਕ ਲੇਖਕ ਹੈ, ਉਸ ਨੇ ਕਦੀ ਆਪਣੇ ਨਾਟਕ ਨੂੰ ਆਪ ਨਿਰਦੇਸ਼ਿਤ ਨਹੀਂ ਕੀਤਾ, ਫਿਰ ਵੀ ਸਥਾਪਿਤ ਨਾਟਕਕਾਰ ਹੈ। ਕੇਵਲ ਧਾਲੀਵਾਲ ਨੇ ਕੁਝ ਨਾਟ ਰਚਨਾਵਾਂ ਵੀ ਲਿਖੀਆਂ, ਜਿਵੇਂ ਵਣਜਾਰੇ, ਰਿਜ਼ਕ ਦੀ ਮਰਿਆਦਾ।

ਪਿਛਲੇ ਸਮੇਂ ਵਿੱਚ ਨਾਟਕ ਦਾ ਸਰੋਕਾਰ ਨਸ਼ਿਆਂ ਦੀ ਗੁਰਬੱਤ ਨਾਲ ਜੁੜਿਆ ਹੋਇਆ ਹੈ, ਡਾ. ਦਵਿੰਦਰ ਕੁਮਾਰ ਨੇ ਲਿਖਿਆ ਨਾਟਕ 'ਏਹ ਕੇਹੀ ਰੁੱਤ ਆਈ' ਲਗਾਤਾਰ 1990 ਤੋਂ ਵੱਖ-ਵੱਖ ਸਮਾਜਿਕ, ਕਰਾਂਤੀਕਾਰੀ, ਨਾਟਕਾਂ ਰਾਹੀਂ 13 ਨਾਟ ਪੁਸਤਕਾਂ ਸਾਹਿਤ ਦੇ ਖੇਤਰ ਵਿੱਚ ਸਹਿਜ ਰੂਪ ਵਿੱਚ ਲਿਖ ਚੁੱਕੇ ਹਨ।

ਆਜ਼ਾਦ ਰੰਗਮੰਚ ਫਗਵਾੜਾ ਵੱਲੋਂ ਉਹਨਾਂ ਦੇ ਨਾਟਕਾਂ ਦਾ ਸਫਲ ਮੰਚਨ ਹੋ ਰਿਹਾ ਹੈ। ਪਿਛਲੇ ਸਾਲ ਆਈ ਨਵੀ ਨਾਟ ਪੁਸਤਕ ਕੂੜੇ ਵਿੱਚ ਖਿੜਿਆ ਗੁਲਾਬ ਦੇ ਨਾਟਕ ਆਧੁਨਿਕ ਸ਼ੈਲੀ ਦੀ ਅਗਵਾਈ ਭਰਦੇ ਨੇ। ਗੁਰੂ ਤੇਗ ਬਹਾਦਰ ਬੋਲਿਆ ਨਾਟਕ ਵੱਖਰੀ ਪਹਿਚਾਣ ਬਣਾ ਰਿਹਾ ਹੈ।

ਕਾਵਿ ਨਾਟਕ ਦੇ ਖੇਤਰ ਵਿੱਚ ਡਾ. ਨਵਦੀਪ ਨੇ ਅਹਿਲਿਆ ਨਾਟਕ ਦੇ ਖੇਤਰ ਵਿੱਚ ਕਦਮ ਪਾਇਆ।ਅਮਰਜੀਤ ਗਰੇਵਾਲ ਦਾ ਨਾਟਕ 1675 ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਵਿੱਚ ਆਪਣੀ ਪਿਰਤ ਸੰਭਾਲ ਰਿਹਾ ਹੈ। ਸੋਲੋ ਨਾਟਕ ਇੱਕ ਪਾਤਰੀ ਨਾਟਕ ਦੀ ਵਿਧਾ, ਜਿਸ ਨੂੰ ਅਨੀਤਾ ਸ਼ਬਦੀਸ਼, ਸੋਮਪਾਲ ਹੀਰਾ ਨੇ ਆਪਣਾਇਆ।

ਡਾ. ਸਾਹਿਬ ਸਿੰਘ ਨੇ ਲੇਖਕ, ਨਿਰਦੇਸ਼ਕ, ਬਤੌਰ ਅਦਾਕਾਰ ਨਵੀ ਤੇ ਵਿਲੱਖਣ ਪਿਰਤ ਸ਼ੁਰੂ ਕਰ ਆਪਣੀ ਪਹਿਚਾਣ ਬਣਾਈ.. ਸਰਲ ਭਾਸ਼ਾ ਵਿੱਚ ਗੰਭੀਰ ਗੱਲ ਲੋਕਾਂ ਦੀ ਆਵਾਜ਼, ਵੱਖਰਾ ਅੰਦਾਜ਼, ਨਿਡਰ ਅਦਾਕਾਰ, ਸੁਹਿਰਦ ਮਨੁੱਖ ਪੰਜ ਸੋਲੋ ਨਾਟਕ ਸਾਹਿਤ ਦੇ ਖੇਤਰ ਵਿੱਚ ਵੱਖਰੇ ਵੱਖਰੇ ਵਿਸ਼ਿਆਂ ਨੂੰ ਲੈ ਪੇਸ਼ ਕੀਤੇ। ਅੱਜ ਵਿਸ਼ਵ ਰੰਗਮੰਚ ਦਿਵਸ ਮੌਕੇ.. ਮੈਂ ਸਮੁੱਚੇ ਵਿਸ਼ਵ ਦੇ ਨਾਟਕਕਾਰਾਂ ਨੂੰ ਮੁਬਾਰਕਬਾਦ ਦਿੰਦੀ ਹਾਂ।

**# ਸੰਪਰਕ : 98146-01140**

